ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum (ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਬੁੱਧਵਾਰ, 18 ਜੂਨ 2025 (ਨਾਨਕਸ਼ਾਹੀ ਸੰਮਤ : ੫੫੭, ੪ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਮਾਰਿਆ ਗਿਆ ਈਰਾਨੀ ਫੌਜ ਮੁਖੀ ਸ਼ਾਦਮਨੀ ! ਇਜ਼ਰਾਈਲ ਦਾ ਦਾਅਵਾ

**ਯੇਰੂਸ਼ਲਮ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਇਜ਼ਰਾਈਲ ਨੇ ਈਰਾਨ ਦੇ ਯੁੱਧ ਸਮੇਂ ਦੇ ਚੀਫ਼ ਆਫ਼ ਸਟਾਫ਼ ਅਤੇ ਇਸਲਾਮਿਕ ਗਣਰਾਜ ਦੇ ਸਭ ਤੋਂ ਸੀਨੀਅਰ ਫੌਜੀ ਅਧਿਕਾਰੀਆਂ ਵਿੱਚੋਂ ਇੱਕ ਅਲੀ ਸ਼ਾਦਮਨੀ ਨੂੰ ਮਾਰਨ ਦਾ ਦਾਅਵਾ ਕੀਤਾ ਹੈ। ਇਜ਼ਰਾਈਲੀ ਫੌਜ ਨੇ ਮੰਗਲਵਾਰ ਨੂੰ ਕਿਹਾ ਕਿ ਸ਼ਾਦਮਨੀ ਮੱਧ ਤਹਿਰਾਨ ਵਿੱਚ ਇੱਕ ਕਮਾਂਡ ਸੈਂਟਰ 'ਤੇ ਰਾਤ ਨੂੰ ਇਜ਼ਰਾਈਲੀ ਹਵਾਈ ਹਮਲੇ ਵਿੱਚ ਮਾਰਿਆ ਗਿਆ। ਇਜ਼ਰਾਈਲੀ ਫੌਜ ਅਨੁਸਾਰ ਇਹ ਹਮਲਾ ਇਜ਼ਰਾਈਲੀ ਹਵਾਈ ਫੌਜ ਦੁਆਰਾ 'ਸਹੀ ਖੁਫੀਆ ਜਾਣਕਾਰੀ' ਅਤੇ 'ਅਚਾਨਕ ਮਿਲੇ ਮੌਕੇ' ਤੋਂ ਬਾਅਦ ਕੀਤਾ ਗਿਆ ਸੀ। ਇਜ਼ਰਾਈਲੀ ਫੌਜ ਦੁਆਰਾ ਈਰਾਨੀ ਹਥਿਆਰਬੰਦ ਸੈਨਾਵਾਂ ਦੇ ਚੋਟੀ ਦੇ ਸੰਚਾਲਨ ਕਮਾਂਡਰ ਅਤੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਦੇ ਨਜ਼ਦੀਕੀ ਸਹਾਇਕ ਵਜੋਂ ਦੱਸੇ ਗਏ ਸ਼ਾਦਮਨੀ ਨੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਅਤੇ ਈਰਾਨੀ ਫੌਜ ਦੋਵਾਂ ਦੀ ਕਮਾਂਡ ਸਾਂਭੀ ਸੀ। ਗੌਰਤਲਬ ਕਿ ਇਜ਼ਰਾਈਲ ਦੁਆਰਾ ਚੋਟੀ ਦੇ ਫੌਜੀ ਅਧਿਕਾਰੀ ਅਲਾ ਅਲੀ ਰਾਸ਼ਿਦ ਦੀ ਹੱਤਿਆ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੇ ਟਕਰਾਅ ਦੌਰਾਨ ਸ਼ਾਦਮਨੀ ਨੂੰ ਈਰਾਨ ਦੀਆਂ ਹਥਿਆਰਬੰਦ ਸੈਨਾਵਾਂ ਦੀ ਅਗਵਾਈ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਇਜ਼ਰਾਈਲੀ ਫੌਜ ਨੇ ਕਿਹਾ ਕਿ ਉਸਦੀ ਹੱਤਿਆ ਈਰਾਨ ਦੀ ਸਭ ਤੋਂ ਸੀਨੀਅਰ ਫੌਜੀ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਉਣ ਵਾਲੀ ਇਜ਼ਰਾਈਲੀ ਮੁਹਿੰਮ ਦਾ ਹਿੱਸਾ ਸੀ। ਇਸ ਨਾਲ ਈਰਾਨ ਦੀ ਕਮਾਂਡ ਲੜੀ ਵਿੱਚ ਵਿਘਨ ਪਿਆ ਹੈ।

# ਈਰਾਨ ਦਾ ਇਜ਼ਰਾਈਲ 'ਤੇ ਜਵਾਬੀ ਵੱਡਾ ਹਮਲਾ
# ਮੋਸਾਦ ਦੇ ਹੈੱਡਕੁਆਰਟਰ 'ਤੇ ਦਾਗੀਆਂ ਮਿਜ਼ਾਈਲਾਂ

**ਯੇਰੂਸ਼ਲਮ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਈਰਾਨ ਇਜ਼ਰਾਈਲ ਯੁੱਧ ਹੁਣ ਇੱਕ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਨੂੰ ਈਰਾਨ ਨੇ ਨਿਸ਼ਾਨਾ ਬਣਾਇਆ ਹੈ। ਇਸ ਹਮਲੇ ਵਿੱਚ ਅਜੇ ਤੱਕ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ ਹੈ। ਤਹਿਰਾਨ ਦੇ ਇਸ ਹਮਲੇ ਤੋਂ ਬਾਅਦ, ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ ਹੋਰ ਵਧੇਗਾ। ਈਰਾਨ ਆਬਜ਼ਰਵਰ ਦੇ ਅਨੁਸਾਰ, ਈਰਾਨੀ ਫੌਜ ਨੇ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਦੇ ਮੁੱਖ ਦਫਤਰ 'ਤੇ ਹਮਲਾ ਕੀਤਾ ਹੈ। ਇਸ ਹਮਲੇ ਦੀ ਇੱਕ ਵੀਡੀਓ ਵੀ ਜਾਰੀ ਕੀਤੀ ਗਈ ਹੈ। ਈਰਾਨ ਆਬਜ਼ਰਵਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਵੀਡੀਓ ਵੀ ਪੋਸਟ ਕੀਤਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਵੀਡੀਓ ਖੁਫੀਆ ਏਜੰਸੀ ਦੇ ਦਫਤਰ 'ਤੇ ਹਮਲੇ ਦਾ ਹੈ। ਇਸ



ਵੀਡੀਓ ਵਿੱਚ, 2-3 ਇਮਾਰਤਾਂ 'ਤੇ ਹਮਲੇ ਤੋਂ ਬਾਅਦ ਕਾਲਾ ਧੂੰਆਂ ਉੱਠਦਾ ਦਿਖਾਈ ਦੇ ਰਿਹਾ ਹੈ, ਜਿਨ੍ਹਾਂ ਨੂੰ ਮੋਸਾਦ ਦਾ ਹੈੱਡਕੁਆਰਟਰ ਦੱਸਿਆ ਜਾਂਦਾ ਹੈ। ਇਸ ਤੋਂ ਪਹਿਲਾਂ, ਈਰਾਨ ਨੇ ਮੋਸਾਦ ਦੁਆਰਾ ਸੰਚਾਲਿਤ ਕੁਝ ਉੱਚ-ਤਕਨੀਕੀ ਹਥਿਆਰ ਪ੍ਰਣਾਲੀਆਂ ਨੂੰ ਜ਼ਬਤ ਕੀਤਾ ਸੀ, ਜਿਨ੍ਹਾਂ ਵਿੱਚ ਇੰਟਰਨੈਟ ਨਾਲ ਜੁੜੇ, ਰਿਮੋਟ-ਨਿਯੰਤਰਿਤ ਸਪਾਈਕ ਮਿਜ਼ਾਈਲ ਲਾਂਚਰ ਵੀ ਸ਼ਾਮਲ ਹਨ। ਮੋਸਾਦ ਨੇ ਇਨ੍ਹਾਂ ਨੂੰ ਈਰਾਨ ਦੇ ਹਵਾਈ ਰੱਖਿਆ ਪ੍ਰਣਾਲੀ ਨੂੰ ਤਬਾਹ ਕਰਨ ਲਈ ਬਣਾਇਆ ਸੀ। ਮੋਸਾਦ ਨੇ ਇਨ੍ਹਾਂ ਲਾਂਚਰਾਂ ਨੂੰ ਇੰਨਾ ਉੱਚ-ਤਕਨੀਕੀ ਬਣਾਇਆ ਸੀ ਕਿ ਸੈਂਕੜੇ ਮੀਲ ਦੂਰ ਬੈਠਾ ਇੱਕ ਆਪਰੇਟਰ ਇਨ੍ਹਾਂ ਨੂੰ ਚਲਾ ਸਕਦਾ ਸੀ ਤੇ ਮੌਕੇ 'ਤੇ ਗਏ ਬਿਨਾਂ ਨਿਸ਼ਾਨਾ ਨੂੰ ਨਸ਼ਟ ਕਰ ਸਕਦਾ ਸੀ। ਈਰਾਨ ਨੇ ਦਾਅਵਾ ਕੀਤਾ ਹੈ ਕਿ ਉਸਨੇ ਇਨ੍ਹਾਂ ਮਿਜ਼ਾਈਲਾਂ ਨੂੰ ਚਲਾਉਣ ਵਾਲੇ ਏਜੰਟ ਨੈੱਟਵਰਕ ਨੂੰ ਵੀ ਕਾਬੂ ਕਰ ਲਿਆ ਹੈ। ਅਜਿਹੀ ਸਥਿਤੀ ਵਿੱਚ, ਇਹ ਸਪੱਸ਼ਟ ਹੈ ਕਿ ਜੇਕਰ ਇਹ ਪ੍ਰਣਾਲੀ ਕਬਜ਼ੇ ਵਿੱਚ ਨਾ ਲਈ ਜਾਂਦੀ, ਤਾਂ ਇਜ਼ਰਾਈਲ ਨੇ ਈਰਾਨੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਹੁੰਦਾ।

## ਜੀ-7 ਸੰਮੇਲਨ ਵਿਚਾਲੇ ਹੀ ਛੱਡ ਕੈਨੇਡਾ ਤੋਂ ਅਮਰੀਕਾ ਪਹੁੰਚੇ ਟਰੰਪ, ਬੋਲੇ ਹੁਣ...ਇਜ਼ਰਾਈਲ-ਈਰਾਨ ਦੀ ਜੰਗ ਤੋਂ ਵੀ ਵੱਡਾ ਮਸਲਾ ਆ ਗਿਆ

**ਵਾਸ਼ਿੰਗਟਨ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਇਜ਼ਰਾਈਲ-ਈਰਾਨ ਤਣਾਅ ਦਾ ਪ੍ਰਭਾਵ ਕੈਨੇਡਾ ਦੇ ਅਲਬਰਟਾ ਰਾਜ ਦੇ ਕਨਾਨਾਸਕਿਸ ਵਿੱਚ ਚੱਲ ਰਹੇ ਜੀ-7 ਸੰਮੇਲਨ ਵਿੱਚ ਵੀ ਦਿਖਾਈ ਦੇ ਰਿਹਾ ਹੈ। ਸੰਮੇਲਨ ਦੇ ਪਹਿਲੇ ਦਿਨ ਜੀ-7 ਦੇਸ਼ਾਂ ਨੇ ਇਜ਼ਰਾਈਲ ਦਾ ਸਮਰਥਨ ਕੀਤਾ। ਮੰਗਲਵਾਰ ਸਵੇਰੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਕਿ ਇਜ਼ਰਾਈਲ ਨੂੰ ਸਵੈ-ਰੱਖਿਆ ਦਾ ਅਧਿਕਾਰ ਹੈ। ਈਰਾਨ ਕੋਲ ਕਿਸੇ ਵੀ ਕੀਮਤ ਤੇ ਪ੍ਰਮਾਣੂ ਹਥਿਆਰ ਨਹੀਂ ਹੋਣੇ ਚਾਹੀਦੇ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸੰਮੇਲਨ ਨੂੰ ਵਿਚਕਾਰ ਛੱਡ ਕੇ ਅਮਰੀਕਾ ਲਈ ਰਵਾਨਾ ਹੋ ਗਏ। ਵ੍ਹਾਈਟ ਹਾਊਸ ਨੇ ਕਿਹਾ ਕਿ ਟਰੰਪ ਨੇ ਮੱਧ ਪੂਰਬ ਵਿੱਚ ਤਣਾਅ ਕਾਰਨ ਇਹ ਫੈਸਲਾ ਲਿਆ ਹੈ। ਇਸ ਦੌਰਾਨ ਟਰੰਪ ਨੇ ਕਿਹਾ, 'ਮੈਂ ਜੰਗਬੰਦੀ ਲਈ ਵਾਸ਼ਿੰਗਟਨ ਵਾਪਸ ਨਹੀਂ ਆ ਰਿਹਾ। ਮਾਮਲਾ ਇਸ ਤੋਂ ਵੀ ਕਿਤੇ ਵੱਡਾ ਹੈ।' ਇਸ ਤੋਂ ਪਹਿਲਾਂ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ਈਰਾਨ ਨੂੰ ਪ੍ਰਮਾਣੂ 'ਸਮਝੌਤੇ' 'ਤੇ ਦਸਤਖਤ ਕਰਨੇ ਚਾਹੀਦੇ ਹਨ। ਈਰਾਨ



ਕੋਲ ਪ੍ਰਮਾਣੂ ਹਥਿਆਰ ਨਹੀਂ ਹੋ ਸਕਦੇ। ਮੈਂ ਇਹ ਵਾਰ-ਵਾਰ ਕਿਹਾ ਹੈ। ਸਾਰਿਆਂ ਨੂੰ ਤੁਰੰਤ ਤਹਿਰਾਨ ਖਾਲੀ ਕਰ ਦੇਣਾ ਚਾਹੀਦਾ ਹੈ। ਇਜ਼ਰਾਈਲ-ਈਰਾਨ ਵਿਚਲੇ ਤਣਾਅ ਤਿੱਖੀ ਜੰਗ ਦਾ ਰੂਪ ਲੈ ਰਿਹਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਇੱਕ ਵਾਰ ਫਿਰ ਗਲਤ ਬਿਆਨ ਦਿੱਤਾ ਹੈ ਕਿ ਉਹ ਇਜ਼ਰਾਈਲ ਤੇ ਈਰਾਨ ਵਿਚਕਾਰ ਜੰਗਬੰਦੀ ਲਈ ਵਾਸ਼ਿੰਗਟਨ ਵਾਪਸ ਜਾ ਰਹੇ ਹਨ। ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਉਨ੍ਹਾਂ (ਮੈਕਰੋਨ) ਨੂੰ ਬਿਲਕੁਲ ਵੀ ਪਤਾ ਨਹੀਂ ਕਿ ਮੈਂ ਵਾਸ਼ਿੰਗਟਨ ਕਿਉਂ ਵਾਪਸ ਆ ਰਿਹਾ ਹਾਂ, ਪਰ ਇਹ ਯਕੀਨੀ ਤੌਰ 'ਤੇ ਕਿਸੇ ਜੰਗਬੰਦੀ ਨਾਲ ਸਬੰਧਤ ਨਹੀਂ। ਮਾਮਲਾ ਇਸ ਤੋਂ ਵੀ ਕਿਤੇ ਵੱਡਾ ਹੈ।

## ਲੁਧਿਆਣਾ ਜ਼ਿਮਨੀ ਚੋਣਾਂ ਲਈ ਰੁੱਕਿਆ ਚੋਣ ਪ੍ਰਚਾਰ, ਸ਼ਰਾਬ ਦੇ ਠੇਕੇ ਹੋਏ ਬੰਦ, ਕਾਂਗਰਸ ਅਤੇ AAP ਨੇ ਕੱਢਿਆ ਰੋਡ ਸ਼ੋਅ





**ਲੁਧਿਆਣਾ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਵਿੱਚ ਅੱਜ ਪੱਛਮੀ ਹਲਕੇ ਵਿੱਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਪ੍ਰਚਾਰ ਦਾ ਆਖਰੀ ਦਿਨ ਸੀ, ਜਿਸ ਤੋਂ ਬਾਅਦ ਅੱਜ ਪ੍ਰਚਾਰ ਰੁੱਕ ਗਿਆ ਹੈ। ਇਸ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਨੇ ਆਪਣਾ ਪੂਰਾ ਜ਼ੋਰ ਲਾਇਆ ਹੈ, ਪਰ ਇਸ ਦਾ ਨਤੀਜਾ 23 ਜੂਨ ਨੂੰ ਆਵੇਗਾ। ਉੱਥੇ ਹੀ ਚੋਣ ਪ੍ਰਚਾਰ ਰੁਕਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਰੋਡ ਸ਼ੋਅ ਕੀਤਾ। ਉੱਥੇ ਹੀ ਭਾਜਪਾ ਨੇ ਪ੍ਰੈਸ ਕਾਨਫਰੰਸ ਕੀਤੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ ਡੋਰ-ਟੂ-ਡੋਰ ਪ੍ਰਚਾਰ ਕੀਤਾ। ਹੁਣ ਸਾਰੀਆਂ ਪਾਰਟੀਆਂ ਦੇ ਆਗੂ ਵਾਪਸ ਪਰਤਣੇ ਸ਼ੁਰੂ ਹੋ ਗਏ ਹਨ, ਜਦੋਂ ਕਿ ਸ਼ਰਾਬ ਦੀਆਂ ਦੁਕਾਨਾਂ ਅਤੇ ਠੇਕੇ ਬੰਦ ਹੋ ਗਏ ਹਨ। ਇਹ 19 ਜੂਨ ਨੂੰ ਸ਼ਾਮ 6 ਵਜੇ ਤੱਕ ਬੰਦ ਰਹਿਣਗੇ। ਇੱਕ ਲੱਖ 74 ਹਜ਼ਾਰ ਵੋਟਰ ਵੋਟ ਪਾਉਣਗੇ। ਵੋਟਾਂ ਦੀ ਗਿਣਤੀ 23 ਜੂਨ ਨੂੰ ਹੋਵੇਗੀ। ਪੁਲਿਸ ਨੇ 60 ਥਾਵਾਂ 'ਤੇ ਚੈੱਕ ਪੋਸਟਾਂ ਸਥਾਪਤ ਕੀਤੀਆਂ ਹਨ। 1000 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਹਾਲਾਂਕਿ ਇਹ ਚੋਣ ਸੱਤਾ ਵਿੱਚ ਕੋਈ ਬਦਲਾਅ ਨਹੀਂ ਲਿਆਏਗੀ। ਪਰ ਇਸ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ। 'ਆਪ' ਵੱਲੋਂ ਚੋਣ ਪ੍ਰਚਾਰ ਦੀ ਕਮਾਨ ਖੁਦ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸੰਭਾਲੀ ਸੀ। ਪਰ ਚੋਣ ਪ੍ਰਚਾਰ ਦੇ ਆਖਰੀ ਦਿਨ ਆਯੋਜਿਤ ਰੋਡ ਸ਼ੋਅ 'ਆਪ' ਇੰਚਾਰਜ ਮਨੀਸ਼ ਸਿਸੋਦੀਆ ਅਤੇ ਪਾਰਟੀ ਮੁਖੀ ਅਮਨ ਅਰੋੜਾ ਦੀ ਅਗਵਾਈ ਹੇਠ ਕੱਢਿਆ ਗਿਆ। ਜਦੋਂ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਕਈ ਲੋਕ 'ਆਪ' ਵਿੱਚ ਸ਼ਾਮਲ ਹੋਏ ਸਨ। ਕਾਂਗਰਸ ਵੱਲੋਂ ਇੱਕ ਰੋਡ ਸ਼ੋਅ ਕੱਢਿਆ ਗਿਆ। ਇਸ ਸ਼ੋਅ ਦੀ ਅਗਵਾਈ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਕੀਤੀ। ਪਾਰਟੀ ਆਗੂ ਭੁਪੇਸ਼ ਬਘੇਲ ਵੀ ਮੌਜੂਦ ਸਨ। ਇਸ ਦੇ ਨਾਲ ਹੀ ਭਾਜਪਾ ਆਗੂਆਂ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਕਿ ਜੇਕਰ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਕੇਂਦਰੀ ਯੋਜਨਾਵਾਂ ਦਾ ਪੂਰਾ ਲਾਭ ਮਿਲੇਗਾ। ਅਕਾਲੀ ਦਲ ਵੱਲੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਸ ਦੀ ਅਗਵਾਈ ਕਰ ਰਹੇ ਸਨ।

## ਏਅਰ ਇੰਡੀਆ ਨੇ ਉਡਾਈ ਯਾਤਰੀਆਂ ਦੀ ਨੀਂਦ ! ਇਕ ਤੋਂ ਬਾਅਦ ਇਕ ਲਗਾਤਾਰ ਰੱਦ ਹੋ ਰਹੀਆਂ ਉਡਾਣਾਂ

**ਨਵੀਂ ਦਿੱਲੀ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਮੰਗਲਵਾਰ ਏਅਰ ਇੰਡੀਆ ਅਤੇ ਇਸਦੇ ਯਾਤਰੀਆਂ ਲਈ ਇੱਕ ਮੁਸ਼ਕਲ ਭਰਿਆ ਦਿਨ ਰਿਹਾ। ਤਕਨੀਕੀ ਸਮੱਸਿਆਵਾਂ ਅਤੇ ਜਹਾਜ਼ਾਂ ਦੀ ਉਪਲੱਬਧਤਾ ਨਾ ਹੋਣ ਕਾਰਨ, ਏਅਰ ਇੰਡੀਆ ਨੂੰ ਇੱਕ ਹੀ ਦਿਨ ਵਿੱਚ ਆਪਣੀਆਂ 7 ਅੰਤਰਰਾਸ਼ਟਰੀ ਉਡਾਣਾਂ ਰੱਦ ਕਰਨੀਆਂ ਪਈਆਂ। ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਰੱਦ ਕੀਤੀਆਂ ਗਈਆਂ ਇਨ੍ਹਾਂ ਉਡਾਣਾਂ ਵਿੱਚੋਂ 6 ਉਹੀ ਬੋਇੰਗ 787-8 ਡ੍ਰੀਮਲਾਈਨਰ ਜਹਾਜ਼ ਸਨ, ਜੋ ਕਿ ਹਾਲ ਹੀ ਵਿੱਚ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋਈ ਉਡਾਣ ਵਰਗੇ ਹੀ ਮਾਡਲ ਸੀ। ਜੋ ਉਡਾਣ ਸਭ ਤੋਂ ਵੱਧ ਖ਼ਬਰਾਂ ਵਿੱਚ ਸੀ ਉਹ 19 159 ਸੀ - ਜੋ ਕਿ ਅਹਿਮਦਾਬਾਦ ਤੋਂ



ਲੰਡਨ ਲਈ ਰਵਾਨਾ ਹੋਣ ਵਾਲੀ ਸੀ। ਇਹ ਉਹੀ ਰੂਟ ਸੀ ਜਿਸ 'ਤੇ ਪਿਛਲੇ ਹਫ਼ਤੇ ਇੱਕ ਘਾਤਕ ਜਹਾਜ਼ ਹਾਦਸਾ ਹੋਇਆ ਸੀ ਜਿਸ ਵਿੱਚ 270 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। 19 159 ਅਸਲ ਵਿੱਚ ਉਸੇ ਰੱਦ ਕੀਤੀ ਗਈ ਉਡਾਣ 19 171 ਦੀ ਇੱਕ ਰੀਨੇਮ ਕੀਤੀ ਗਈ ਉਡਾਣ ਸੀ। ਫਲਾਈਟ ਨੇ ਮੰਗਲਵਾਰ ਦੁਪਹਿਰ 1:10 ਵਜੇ ਉਡਾਣ ਭਰਨੀ ਸੀ ਪਰ ਜਹਾਜ਼ ਵਿੱਚ ਤਕਨੀਕੀ ਸਮੱਸਿਆਵਾਂ ਕਾਰਨ ਇਸਨੂੰ ਰੱਦ ਕਰਨਾ ਪਿਆ। ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਪੈਰਿਸ ਦੇ ਚਾਰਲਸ ਡੀ ਗੌਲ ਹਵਾਈ ਅੱਡੇ ਲਈ ਇੱਕ ਉਡਾਣ ਨੂੰ ਵੀ ਰੱਦ ਕਰ ਦਿੱਤਾ ਗਿਆ ਕਿਉਂਕਿ ਲਾਜ਼ਮੀ ਪ੍ਰੀ-ਫਲਾਈਟ ਜਾਂਚ ਦੌਰਾਨ ਤਕਨੀਕੀ ਸਮੱਸਿਆ ਦਾ ਪਤਾ ਲੱਗਿਆ। ਯਾਤਰੀਆਂ ਨੂੰ ਆਖਰੀ ਸਮੇਂ 'ਤੇ ਰੱਦ ਕਰਨ ਬਾਰੇ ਸੂਚਿਤ ਕੀਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸੈਨ ਫਰਾਂਸਿਸਕੋ ਤੋਂ ਮੁੰਬਈ ਜਾਣ ਵਾਲੀ ਫਲਾਈਟ 19 180 ਕੋਲਕਾਤਾ ਵਿੱਚ ਇੱਕ ਨਿਰਧਾਰਤ ਸਟਾਪਓਵਰ 'ਤੇ ਉਤਰੀ। ਪਰ ਜਿਵੇਂ ਹੀ ਇਹ ਮੁੰਬਈ ਲਈ ਉਡਾਣ ਭਰਨ ਵਾਲੀ ਸੀ, ਜਹਾਜ਼ ਦੇ ਖੱਬੇ ਇੰਜਣ ਵਿੱਚ ਤਕਨੀਕੀ ਖਰਾਬੀ ਆ ਗਈ। ਯਾਤਰੀਆਂ ਨੂੰ 12:45 ਵਜੇ ਜਹਾਜ਼ ਤੋਂ ਉਤਾਰ ਦਿੱਤਾ ਗਿਆ ਅਤੇ ਸਵੇਰੇ 5:20 ਵਜੇ ਤੱਕ ਟਰਮੀਨਲ ਵਿੱਚ ਇੰਤਜ਼ਾਰ ਕਰਨਾ ਪਿਆ। ਏਅਰ ਇੰਡੀਆ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਕੇ ਕਿਹਾ, "ਯਾਤਰੀਆਂ ਨੂੰ ਹੋਈ ਅਸੁਵਿਧਾ ਲਈ ਸਾਨੂੰ ਅਫ਼ਸੋਸ ਹੈ। ਅਸੀਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਉਨ੍ਹਾਂ ਦੀ ਮੰਜ਼ਿਲ 'ਤੇ ਪਹੁੰਚਾਉਣ ਲਈ ਵਿਕਲਪਿਕ ਉਡਾਣਾਂ ਦਾ ਪ੍ਰਬੰਧ ਕਰ ਰਹੇ ਹਾਂ। ਹੋਟਲ ਵਿੱਚ ਠਹਿਰਨ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਰਿਫੰਡ ਜਾਂ ਮੁਫ਼ਤ ਰੀਬੁਕਿੰਗ ਦਾ ਵਿਕਲਪ ਵੀ ਪ੍ਰਦਾਨ ਕੀਤਾ ਜਾ ਰਿਹਾ ਹੈ।÷ ਬੋਇੰਗ 787-8 ਡ੍ਰੀਮਲਾਈਨਰ ਨਾਲ ਤਕਨੀਕੀ ਸਮੱਸਿਆਵਾਂ ਲਗਾਤਾਰ ਰਿਪੋਰਟ ਕੀਤੀਆਂ ਜਾ ਰਹੀਆਂ ਹਨ। ਸੁਰੱਖਿਆ ਮਾਹਿਰਾਂ ਦੇ ਅਨੁਸਾਰ, ਹਾਲ ਹੀ ਦੇ ਮਹੀਨਿਆਂ ਵਿੱਚ ਇਸ ਜਹਾਜ਼ ਮਾਡਲ ਵਿੱਚ ਅਜਿਹੀਆਂ ਖਾਮੀਆਂ ਵਾਰ-ਵਾਰ ਵੇਖੀਆਂ ਗਈਆਂ ਹਨ, ਜਿਸ ਨਾਲ ਏਅਰਲਾਈਨਾਂ ਅਤੇ ਯਾਤਰੀਆਂ ਦੀ ਚਿੰਤਾ ਵਧ ਗਈ ਹੈ। ਹਾਲੀਆ ਹਾਦਸਿਆਂ ਅਤੇ ਰੱਦ ਕੀਤੀਆਂ ਉਡਾਣਾਂ ਤੋਂ ਬਾਅਦ ਏਅਰ ਇੰਡੀਆ ਨੇ ਆਪਣੇ ਜਹਾਜ਼ ਦੀ ਉਡਾਣ ਤੋਂ ਪਹਿਲਾਂ ਦੀ ਜਾਂਚ ਪ੍ਰਕਿਰਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਡੀਜੀਸੀਏ (ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ) ਵੀ ਇਨ੍ਹਾਂ ਘਟਨਾਵਾਂ ਦੀ ਨੇੜਿਓਂ ਜਾਂਚ ਕਰ ਰਿਹਾ ਹੈ। ਇਸ ਘਟਨਾ ਤੋਂ ਬਾਅਦ ਯਾਤਰੀਆਂ ਨੇ ਸੋਸ਼ਲ ਮੀਡੀਆ 'ਤੇ ਏਅਰ ਇੰਡੀਆ ਦੀ ਆਲੋਚਨਾ ਕੀਤੀ ਹੈ। ਕਈ ਯਾਤਰੀਆਂ ਨੇ ਲਿਖਿਆ ਕਿ ਜਦੋਂ ਤੱਕ ਜਹਾਜ਼ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋ ਜਾਂਦਾ, ਉਡਾਣਾਂ ਸ਼ੁਰੂ ਨਹੀਂ ਹੋਣੀਆਂ ਚਾਹੀਦੀਆਂ। ਕੁਝ ਯਾਤਰੀਆਂ ਨੇ ਏਅਰ ਇੰਡੀਆ ਤੋਂ ਸੁਰੱਖਿਆ ਗਾਰੰਟੀ ਦੀ ਵੀ ਮੰਗ ਕੀਤੀ ਹੈ।

## ਈਰਾਨ-ਇਜ਼ਰਾਈਲ ਟਕਰਾਅ ਦਾ ਸਿੱਧਾ ਪੰਜਾਬੀਆਂ ਦੀ ਜੇਬ 'ਤੇ ਪਵੇਗਾ ਅਸਰ

**ਨਵੀਂ ਦਿੱਲੀ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਈਰਾਨ ਅਤੇ ਇਜ਼ਰਾਈਲ ਵਿਚਕਾਰ ਚੱਲ ਰਿਹਾ ਟਕਰਾਅ ਨਾ ਸਿਰਫ਼ ਮੱਧ ਪੂਰਬ ਲਈ ਸਗੋਂ ਪੂਰੀ ਦੁਨੀਆ ਲਈ ਚਿੰਤਾ ਦਾ ਵਿਸ਼ਾ ਹੈ। ਇਹ ਟਕਰਾਅ ਭਾਰਤ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ ਤੇ ਜਲਦੀ ਹੀ ਇਸਦਾ ਪ੍ਰਭਾਵ ਤੁਹਾਡੀ ਜੇਬ 'ਤੇ ਵੀ ਦਿਖਾਈ ਦੇਵੇਗਾ। ਈਰਾਨ-ਇਜ਼ਰਾਈਲ ਟਕਰਾਅ ਪੂਰੀ ਦੁਨੀਆ ਵਿੱਚ ਮਹਿੰਗਾਈ ਵਧਾਏਗਾ, ਜੋ ਕਿ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਸ਼ੁਰੂ ਹੋ ਚੁੱਕੀ ਹੈ। ਇਰਾਨ-ਇਜ਼ਰਾਈਲ ਯੁੱਧ ਸ਼ੁਰੂ ਹੁੰਦੇ ਹੀ, ਕੱਚੇ ਤੇਲ ਦੀਆਂ ਕੀਮਤਾਂ ਵਿੱਚ 11% ਤੋਂ ਵੱਧ ਦਾ ਵਾਧਾ ਹੋਇਆ ਅਤੇ ਗਲੋਬਲ ਬੈਂਚਮਾਰਕ ਬ੍ਰੈਂਟ ਕਰੂਡ £75.32 ਪ੍ਰਤੀ ਬੈਰਲ ਤੱਕ ਪਹੁੰਚ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਟਕਰਾਅ ਜਾਰੀ ਰਿਹਾ ਤਾਂ ਕੱਚੇ ਤੇਲ ਦੀਆਂ ਕੀਮਤਾਂ 120 ਡਾਲਰ ਪ੍ਰਤੀ ਬੈਰਲ ਤੱਕ ਵੱਧ ਸਕਦੀਆਂ ਹਨ, ਜਿਸ ਨਾਲ ਭਾਰਤ ਭਰ ਵਿੱਚ ਮਹਿੰਗਾਈ ਵਧੇਗੀ। ਇਸਦਾ ਮਤਲਬ ਹੈ ਕਿ ਦੇਸ਼ ਵਿੱਚ ਬਾਲਣ ਦੀਆਂ ਕੀਮਤਾਂ ਤੇਜ਼ੀ ਨਾਲ ਵਧਣਗੀਆਂ, ਜਿਸ ਨਾਲ ਅਨਾਜ ਅਤੇ ਹੋਰ ਚੀਜ਼ਾਂ ਦੀਆਂ ਕੀਮਤਾਂ ਵੀ ਵਧਣਗੀਆਂ। ਈਰਾਨ 'ਤੇ ਅਮਰੀਕੀ ਪਾਬੰਦੀਆਂ ਕਾਰਨ, ਭਾਰਤ ਈਰਾਨ ਤੋਂ ਸਿੱਧਾ ਤੇਲ ਨਹੀਂ ਖਰੀਦਦਾ, ਫਿਰ ਵੀ ਈਰਾਨ ਵਿਸ਼ਵ ਤੇਲ ਬਾਜ਼ਾਰ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਹੈ। ਹੋਰਮੁਜ਼ ਜਲਡਮਰੂ ਵਿਸ਼ਵ ਤੇਲ ਵਪਾਰ ਲਈ ਇੱਕ ਮਹੱਤਵਪੂਰਨ ਸਮੁੰਦਰੀ ਰਸਤਾ ਹੈ। ਇਹ ਖਾੜੀ ਅੱਠ ਟਾਪੂਆਂ ਤੋਂ ਬਣੀ ਹੈ, ਜਿਨ੍ਹਾਂ ਵਿੱਚੋਂ ਸੱਤ ਈਰਾਨ ਦੇ ਕਬਜ਼ੇ ਵਿੱਚ ਹਨ। ਦੁਨੀਆ ਦੇ ਕੱਚੇ ਤੇਲ ਦਾ ਇੱਕ ਤਿਹਾਈ ਹਿੱਸਾ ਇਸ ਤੰਗ ਸਮੁੰਦਰੀ ਰਸਤੇ ਵਿੱਚੋਂ ਲੰਘਦਾ ਹੈ। ਇਹ ਖਾੜੀ ਭਾਰਤ ਲਈ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਇਸਦੇ ਦੋ ਤਿਹਾਈ ਤੋਂ ਵੱਧ ਤੇਲ ਅਤੇ ਅੱਧੇ ਤੋਂ ਵੱਧ LNG ਗੈਸ ਆਯਾਤ ਇਸ ਰਾਹੀਂ ਭਾਰਤ ਆਉਂਦਾ ਹੈ। ਜੇ ਈਰਾਨ ਖਾੜੀ ਨੂੰ ਬੰਦ ਕਰ ਦਿੰਦਾ ਹੈ, ਤਾਂ ਸਪਲਾਈ ਚੇਨ ਦੀਆਂ ਵੱਡੀਆਂ ਸਮੱਸਿਆਵਾਂ ਹੋਣਗੀਆਂ। ਸ਼ਿਪਿੰਗ ਦੇ ਵਿਕਲਪ ਲੱਭਣੇ ਪੈਣਗੇ, ਜਿਸ ਨਾਲ ਸ਼ਿਪਿੰਗ ਦਾ ਸਮਾਂ ਅਤੇ ਬਾਲਣ ਦੀ ਲਾਗਤ ਵਧੇਗੀ।

ਭਾਰਤ ਵਿੱਚ ਕੀ ਮਹਿੰਗਾ ਹੋ ਸਕਦਾ ਹੈ ?

ਇਲੈਕਟ੍ਰੋਨਿਕਸ ਅਤੇ ਯੰਤਰ

ਖਾਦ (ਜੋ ਅਨਾਜ ਦੀ ਕੀਮਤ ਵਧਾਏਗਾ)

ਉਦਯੋਗਿਕ ਲੂਣ, ਰਸਾਇਣ ਅਤੇ ਪਲਾਸਟਿਕ

ਫਲ, ਗਿਰੀਦਾਰ ਅਤੇ ਖਾਣ ਵਾਲੇ ਤੇਲ

ਲੋਹਾ, ਸਟੀਲ ਅਤੇ ਮਸ਼ੀਨਰੀ

ਗਹਿਣੇ ਅਤੇ ਰਤਨ (ਪੱਥਰ ਦੀ ਦਰਾਮਦ ਵਿੱਚ ਰੁਕਾਵਟ ਦੇ ਕਾਰਨ)

ਭਾਰਤ ਈਰਾਨ ਅਤੇ ਇਜ਼ਰਾਈਲ ਦੋਵਾਂ ਨਾਲ ਆਪਣੇ ਸਬੰਧਾਂ ਨੂੰ ਸੰਤੁਲਿਤ ਕਰਨ ਲਈ ਸਖ਼ਤ ਮਿਹਨਤ ਕਰ ਰਿਹਾ ਹੈ ਕਿਉਂਕਿ ਭਾਰਤ ਦੇ ਦੋਵਾਂ ਦੇਸ਼ਾਂ ਨਾਲ ਚੰਗੇ ਸਬੰਧ ਹਨ। ਭਾਰਤ-ਇਜ਼ਰਾਈਲ ਵਪਾਰ ਬਾਰੇ ਗੱਲ ਕਰੀਏ ਤਾਂ ਦੋਵਾਂ ਵਿਚਕਾਰ ਇਲੈਕਟ੍ਰਾਨਿਕਸ, ਰੱਖਿਆ ਤਕਨਾਲੋਜੀ, ਰਸਾਇਣਾਂ ਅਤੇ ਖਾਦਾਂ ਆਦਿ ਦਾ ਵਪਾਰ ਹੈ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

- ਭਾਈ ਬਲਜੀਤ ਸਿਘ ਕੰਗ/Bhai Baljit Singh Kang


+44 7780 605230

- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

---

ਧਰਮ ਪ੍ਰਚਾਰ ਦੀ ਮਹਾਨ ਸੰਸਥਾ (ਗੁਰਮਤਿ ਵਿੱਦਿਆ ਦਾ ਧੁਰਾ)

ਦਮਦਮੀ ਟਕਸਾਲ

ਜਥਾ ਭਿੰਡਰਾਂ (ਮਹਿਤਾ)

www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

---


# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ

## 1 ਨਵੰਬਰ 2025, ਦਿਨ ਸ਼ਨੀਵਾਰ ਨੂੰ
## ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


DAMDAMI TAKSAL
JATHA (UK & EUROPE)
AMRIT
SANCHAARS
JUNE/JULY 2025
ਆਵਾਜ਼ਿ ਕੌਮ
AWAZE QAUM
International Newspaper & WEB TV
SMETHWICK
SATURDAY 28TH JUNE | 11AM
GNG SMETHWICK, 130 HIGH ST, SMETHWICK, B66 3AP
EAST LONDON
SATURDAY 5TH JULY | 1PM
SRI GURU SINGH SABHA, 2-8 PARK AVE, SOUTHALL, UB1 3AG
SOUTHALL
SUNDAY 20TH JULY | 1PM
SRI GURU SINGH SABHA, 2-8 PARK AVE, SOUTHALL, UB1 3AG
CONTACT 07940 270 120 FOR MORE DETAILS
DAMDAMI TAKSAL JATHA UK & EUROPE


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ
AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS


DAMDAMI TAKSAL
ਅੰਮ੍ਰਿਤ ਸੰਚਾਰ
AMRIT SANCHAR
WEST MIDLANDS
ਆਵਾਜ਼ਿ ਕੌਮ
AWAZE QAUM
International Newspaper & WEB TV
SATURDAY 28TH JUNE | 11AM
GURU NANAK GURDWARA SMETHWICK
130 HIGH ST | SMETHWICK | B66 3AP
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

### ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜ਼ਿਲ੍ਹਾ ਲੁਧਿਆਣਾ ਦੇ ਸਹਿਯੋਗ ਨਾਲ

# ਪੁਸਤਕ ਲੋਕ ਅਰਪਣ ਤੇ ਕਵੀ ਦਰਬਾਰ ਕਰਵਾਇਆ ਗਿਆ



**ਲੁਧਿਆਣਾ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜ਼ਿਲ੍ਹਾ ਲੁਧਿਆਣਾ ਦੇ ਸਹਿਯੋਗ ਨਾਲ 'ਅਦਾਰਾ ਪੰਜਾਬ ਸੋਚਦਾ' ਅਤੇ ਉਮਰਾਂ ਦੀ ਸਾਂਝ ਮੰਚ' ਵੱਲੋਂ ਪੁਸਤਕ ਲੋਕ ਅਰਪਣ ਤੇ ਕਵੀ ਦਰਬਾਰ 15 ਜੂਨ ਨੂੰ ਕਰਵਾਇਆ ਗਿਆ। ਜਿਸ ਦੇ ਬਾਰੇ 'ਅਦਾਰਾ ਪੰਜਾਬ ਸੋਚਦਾ' ਦੇ ਕਨਵੀਨਰ ਗੁਰਮੀਤ ਸਿੰਘ ਘਣਗਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਏ ਗਏ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਜਨਰਲ ਸਕੱਤਰ ਜਸਵੀਰ ਸਿੰਘ, 'ਅਦਾਰਾ ਪੰਜਾਬ ਸੋਚਦਾ' ਦੇ ਮੁੱਖੀ ਪ੍ਰਗਟ ਸਿੰਘ ਗਿੱਲ ਬਾਗੀ (ਅਸਟ੍ਰੇਲੀਆ), 'ਉਮਰਾਂ ਦੀ ਸਾਂਝ ਸਾਹਿਤਕ ਮੰਚ' ਦੀ ਪ੍ਰਧਾਨ ਇੰਦਰਜੀਤ ਕੌਰ ਵਡਾਲਾ ਅਤੇ ਹਰਕੰਵਲ ਸਿੰਘ ਮੈਣੀ (ਸਵਰਗੀ) ਦੀ ਪਤਨੀ ਸ਼੍ਰੀਮਤੀ ਅਮਨਦੀਪ ਕੌਰ ਸੋਢੀ ਸ਼ਾਮਲ ਹੋਏ। ਗੁਰਮੀਤ ਸਿੰਘ ਘਣਗਸ ਅਤੇ ਸੁਖਜਿੰਦਰ ਸਿੰਘ ਭੰਗਚੜ੍ਹੀ ਦੁਆਰਾ ਸੰਪਾਦਿਤ, ਸੌ ਸ਼ਾਇਰਾਂ ਦੇ ਸਾਂਝੇ ਕਾਵਿ ਸੰਗ੍ਰਹਿ 'ਕਲਮਾਂ ਬੋਲਦਿਆਂ' ਬਾਰੇ ਪ੍ਰਗਟ ਸਿੰਘ ਗਿੱਲ ਬਾਗੀ ਅਤੇ ਸੁਖਜਿੰਦਰ ਸਿੰਘ ਭੰਗਚੜ੍ਹੀ ਨੇ ਕਿਹਾ ਕਿ ਪੰਜਾਬ ਦੇ ਕਈ ਅਣਗੌਲੇ, ਕਈ ਨਵੇਂ ਉੱਭਰ ਰਹੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਵਜੋਂ ਇਹ ਯਤਨ ਕੀਤਾ ਗਿਆ ਹੈ। ਹਰਕੰਵਲ ਸਿੰਘ ਮੈਣੀ (ਸਵਰਗੀ) ਦੀ ਪੁਸਤਕ 'ਯਾਦਾਂ ਦੀ ਪੈੜ' ਬਾਰੇ ਪ੍ਰਗਟ ਸਿੰਘ ਗਿੱਲ ਬਾਗੀ ਨੇ ਕਿਹਾ ਕਿ ਹਰਕੰਵਲ ਸਿੰਘ ਮੈਣੀ ਇੱਕ ਉੱਚਪਾਏ ਦਾ ਅਗਾਂਹਵਧੂ ਅਤੇ ਜ਼ਿੰਦਗੀ ਦੇ ਸੁਪਨੇ ਵੇਖਣ ਵਾਲਾ ਸ਼ਾਇਰ ਸੀ। ਮੈਂ ਆਪਣੇ ਸਦੀਵੀ ਵਿਛੜ ਗਏ ਸਾਥੀ ਦੀਆਂ ਰਚਨਾਵਾਂ ਨੂੰ ਸਾਂਭ ਕੇ ਇੱਕ ਕਿਤਾਬ ਰੂਪ ਵਿਚ ਸ਼ਰਧਾਂਜਲੀ ਭੇਟ ਕੀਤੀ ਹੈ। ਰਮਿੰਦਰ ਸਿਘ ਅੰਬਰਸਰੀ ਨੇ ਆਪਣੀ ਪੁਸਤਕ 'ਔਕਾਤ' ਦੀ ਜਾਣਪਛਾਣ ਕਰਵਾਂਉਂਦਿਆਂ, ਰਚਨ ਪ੍ਰਕ੍ਰਿਆ ਬਾਰੇ ਯਾਦਾਂ ਸਾਂਝੀਆਂ ਕੀਤੀਆਂ। ਤਿੰਨੇ ਪੁਸਤਕਾਂ ਨੂੰ ਪ੍ਰਧਾਨਗੀ ਮੰਡਲ ਨੇ ਲੋਕ ਅਰਪਣ ਕੀਤਾ। 'ਉਮਰਾਂ ਦੀ ਸਾਂਝ' ਮੰਚ' ਦੀ ਪ੍ਰਧਾਨ ਇੰਦਰਜੀਤ ਕੌਰ ਵਡਾਲਾ ਨੇ ਕਿਹਾ ਕਿ ਦੋਵੇਂ ਮੰਚਾਂ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਜ਼ਿਲ੍ਹਾ ਲੁਧਿਆਣਾ ਦੇ ਸਹਿਯੋਗ ਨਾਲ ਕਰਵਾਏ ਸਮਾਗਮ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਲੇਖਕਾਂ ਦੀ ਸ਼ਮੂਲੀਅਤ ਨਾਲ ਸਾਨੂੰ ਹੋਰ ਕੰਮ ਕਰਨ ਦਾ ਉਤਸ਼ਾਹ ਮਿਲਿਆ ਹੈ। ਜਸਵੀਰ ਝੱਜ ਨੇ ਪ.ਰ.ਲੇ.ਸ. ਦੇ ਕੰਮਾਂ ਬਾਰੇ ਦੱਸਦਿਆਂ ਕਿਹਾ ਕਿ 'ਅਦਾਰਾ ਪੰਜਾਬ ਸੋਚਦਾ' ਅਤੇ 'ਉਮਰਾਂ ਦੀ ਸਾਂਝ ਸਾਹਿਤਕ ਮੰਚ' ਨੇ ਬਿਜਲਈ ਮਾਧਿਅਮ ਨੂੰ ਸਹੀ ਢੰਗ ਨਾਲ ਵਰਤ ਕੇ ਸਾਰਥਿੱਕ ਤੇ ਲੋਕ ਮੁੱਖੀ ਫਾਇਦਾ ਲਿਆ ਹੈ, ਜੋ ਸ਼ਲਾਘਾਯੋਗ ਉਪਰਾਲਾ ਹੈ। ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਪ.ਰ.ਲੇ.ਸ. ਦਾ ਮੰਤਵ ਹੈ ਕਿ ਸਾਹਿਤ ਪਿੰਡ ਪਿੰਡ ਅਤੇ ਹਰ ਪ੍ਰਾਣੀ ਤੱਕ ਪਹੁੰਚਾਇਆ ਜਾਵੇ। ਅੱਜ ਦੇ ਇਸ ਇਕੱਠ ਨਾਲ ਤਸੱਲੀ ਹੋਈ ਹੈ। ਪੰਜ ਘੰਟੇ ਤੋਂ ਵੱਧ ਦੇਰ ਚੱਲੇ ਸਮਾਗਮ ਦੇ ਮੰਚ ਦੀ ਕਾਰਵਾਈ ਪਰਵੀਨ ਕੌਰ ਸਿੱਧੂ ਅਤੇ ਸੁਖਜਿੰਦਰ ਸਿੰਘ ਭੰਗਚੜ੍ਹੀ ਦੁਆਰਾ ਬਾਖੂਬੀ ਨਿਭਾਈ ਗਈ। ਪੰਜਾਬ ਦੇ ਕੋਨੇ ਕੋਨੇ ਤੋਂ ਸੌ ਦੇ ਕਰੀਬ ਹਾਜ਼ਰ ਸ਼ਾਇਰ, ਜਗਦੀਪ ਅੰਬਰਸਰੀ, ਰਵਿੰਦਰ ਅੰਬਰਸਰੀ, ਸੁਰਿੰਦਰ ਅਜਨਬੀ, ਇੰਦਰਪਾਲ ਪਟਿਆਲਾ, ਅਮਰਪ੍ਰੀਤ ਕੌਰ ਸੰਘਾ, ਮਨਦੀਪ ਕੌਰ ਸੰਧਾ, ਡਾ. ਜੇ.ਐਸ. ਟਿੱਕਾ, ਜਸਵੀਰ ਸ਼ਰਮਾ ਦੱਦਾਹੂਰ, ਸਤਨਾਮ ਸਦੀਦ, ਰਜਿੰਦਰ ਸਰਾਵਾਂ, ਜਗਵੀਰ ਗਾਗਾ, ਨਿਰਮਲ ਸਿੰਘ ਅਧਰੇੜਾ, ਰਣਜੀਤ ਸਿੰਘ ਆਜ਼ਾਦ ਕਾਂਜਲਾ, ਅਮਰਜੀਤ ਕੌਰ ਮੋਰਿੰਡਾ, ਨਿਰਮਲ ਕੌਰ ਕੋਟਲਾ, ਸਤਿੰਦਰਜੀਤ ਕੌਰ ਅੰਮ੍ਰਿਤਸਰ, ਸੁਰਿੰਦਰ ਸਰਾਏ, ਅਮਨ ਢਿੱਲੋਂ ਕਸੇਲ, ਜਤਿੰਦਰਪਾਲ ਕੌਰ ਭਿੰਡਰ, ਬੇਅੰਤ ਸਿੰਘ ਗਿੱਲ, ਸਵਰਨ ਸਿੰਘ ਗਿੱਲ, ਬਲਜੀਤ ਕੌਰ ਝੂਟੀ, ਆਸਿਫ਼ ਅਲੀ, ਸੁਮਿੱਤਰ ਸਿੰਘ ਦੋਸਤ, ਤਰਲੋਚਨ ਝਾਂਡੇ, ਰਵਿੰਦਰ ਕੌਰ ਰਾਵੀ, ਇਕਬਾਲ ਪੁੜੈਣ, ਧਰਮਿੰਦਰ ਮੁੱਲਾਂਪੁਰ, ਨਿਰਮਲ ਸਿੰਘ, ਹਰਜਿੰਦਰ ਕੌਰ ਗਿੱਲ ਮੋਗਾ, ਅਮਰਜੀਤ ਸ਼ੇਰਪੁਰੀ, ਬਲਜੀਤ ਮਾਲਾ, ਜਸਵੀਰ ਫੀਰਾ, ਸਰਬਜੀਤ ਸਿੰਘ ਮੁਕਤਸਰ, ਰਣਜੀਤ ਸਿੰਘ, ਪ੍ਰੋ. ਰਾਜਮਣੀ ਧਾਰੀਵਾਲ, ਪਵਨਪ੍ਰੀਤ ਸਿੰਘ, ਇੰਦਰਜੀਤਪਾਲ ਕੌਰ, ਮੋਹੀ ਅਮਰਜੀਤ ਆਦਿ ਨੇ 'ਹਰਕੰਵਲ ਸਿੰਘ ਮੈਣੀ' ਅਤੇ 'ਅਮਨਦੀਪ ਕੌਰ ਸਰਨਾ' ਨੂੰ ਸਮਰਪਿਤ ਕਵੀ ਦਰਬਾਰ ਵਿਚ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।



ਆਵਾਜ਼ਿ ਕੌਮ AWAZE QAUM International Newspaper & WEB TV

### ਕੇਂਦਰ ਸਰਕਾਰ ਨੂੰ ਕਰਤਾਰਪੁਰ ਸਾਹਿਬ ਲਾਂਘੇ ਨੂੰ

# ਤੁਰੰਤ ਦੁਬਾਰਾ ਖੋਲ੍ਹਣ ਦੀ ਅਪੀਲ: ਪਰਮਜੀਤ ਸਿੰਘ ਵੀਰਜੀ

**ਨਵੀਂ ਦਿੱਲੀ 17 ਜੂਨ (ਮਨਪ੍ਰੀਤ ਸਿੰਘ ਖਾਲਸਾ)**-ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਚੇਅਰਮੈਨ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਭਾਰਤ ਸਰਕਾਰ ਨੂੰ ਕਰਤਾਰਪੁਰ ਸਾਹਿਬ ਲਾਂਘੇ ਨੂੰ ਤੁਰੰਤ ਦੁਬਾਰਾ ਖੋਲ੍ਹਣ ਦੀ ਅਪੀਲ ਕੀਤੀ ਹੈ ਤਾਂ ਕਿ ਭਾਰਤ ਦੇ ਸਿੱਖ ਸ਼ਰਧਾਲੂ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਵਿੱਚ ਦਰਬਾਰ ਸਾਹਿਬ ਗੁਰਦੁਆਰੇ ਜਾ ਸਕਣ, ਜੋ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਸਥਾਨਾਂ ਵਿੱਚੋਂ ਇੱਕ ਹੈ। ਪਰਮਜੀਤ ਸਿੰਘ ਵੀਰਜੀ ਨੇ ਕਿਹਾ ਕਿ ਪਾਕਿਸਤਾਨ ਨੇ ਲਾਂਘੇ ਦੇ ਆਪਣੇ ਹਿੱਸੇ ਨੂੰ ਖੁੱਲ੍ਹਾ ਰੱਖਿਆ ਹੈ। ਇਸ ਦੇ ਉਲਟ ਭਾਰਤ ਦੇ ਲਾਂਘੇ ਦਾ ਹਿੱਸਾ ਬੰਦ ਹੋਣ ਦੇ ਕਾਰਨ ਦੇਸ਼ ਦੇ ਲੱਖਾਂ ਸਿੱਖ ਨਿਰਾਸ਼ ਹਨ। ਇਹ ਪਵਿੱਤਰ ਸਥਾਨ ਸਿੱਖ ਪੰਥ ਲਈ ਬਹੁਤ ਮਹੱਤਵ ਰੱਖਦਾ ਹੈ ਕਿਉਂਕਿ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ 18 ਸਾਲ ਬਿਤਾਏ ਸਨ। ਸਿੱਖ ਪੰਥ ਵਲੋਂ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰੇਆਂ ਲਈ ਲੰਮੇ ਸਮੇਂ ਤੋਂ ਗੁਰੂ ਸਾਹਿਬਾਨਾਂ ਅੱਗੇ ਕੀਤੀ ਜਾਂਦੀ ਅਰਦਾਸਾਂ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ 2019 ਵਿਚ ਉਦਘਾਟਨ ਕੀਤਾ ਗਿਆ ਇਹ ਲਾਂਘਾ ਸ਼ਾਂਤੀ ਤੇ ਧਾਰਮਿਕ ਏਕਤਾ ਦਾ ਇਕ ਸ਼ਕਤੀਸ਼ਾਲੀ ਪ੍ਰਤੀਕ ਬਣ ਗਿਆ ਸੀ । ਇਸ ਦੇ ਬੰਦ ਹੋਣ ਨਾਲ ਸ਼ਰਧਾਲੂਆਂ ਨੂੰ ਇਸ ਪਵਿੱਤਰ ਸਥਾਨ ਨਾਲ ਸ਼ਰਧਾ ਭੇਟ ਕਰਨ ਤੇ ਅਧਿਆਤਮਿਕ ਸਬੰਧ ਬਣਾਈ ਰੱਖਣ ਦੇ ਉਨ੍ਹਾਂ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾਂਦਾ ਹੈ। ਕਰਤਾਰਪੁਰ ਸਾਹਿਬ ਦਾ ਲਾਂਘਾ ਧਾਰਮਿਕ ਦਰਸ਼ਨਾਂ ਲਈ ਬਣਾਇਆ ਗਿਆ ਸੀ, ਜਿਸਦਾ ਪਾਕਿਸਤਾਨ ਨਾਲ ਹੋਏ ਤਣਾਅ ਨਾਲ ਕੋਈ ਸਬੰਧ ਨਹੀਂ ਹੈ, ਜਿਸ ਲਈ ਇਸ ਨੂੰ ਜਲਦ ਖੋਲ੍ਹਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਕਰਤਾਰਪੁਰ ਸਾਹਿਬ ਲਾਂਘਾ ਇੱਕ ਇਤਿਹਾਸਕ ਮੀਲ ਦਾ ਪੱਥਰ ਹੈ ਜੋ ਸ਼ਾਂਤੀ ਅਤੇ ਸਿੱਖਾਂ ਦੇ ਅਧਿਆਤਮਕ ਅਧਿਕਾਰਾਂ ਦਾ ਪ੍ਰਤੀਕ ਹੈ। ਜਿਕਰਯੋਗ ਹੈ ਕਿ ਇਹ ਲਾਂਘਾ ਮਈ 2025 ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਝੜਪਾਂ ਕਾਰਨ ਬੰਦ ਹੋ ਗਿਆ ਸੀ।



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਨੇ ਹਲਕਾ ਜ਼ੀਰਾ ਵਿੱਚ ਮੈਂਬਰਸਿਪ ਭਰਤੀ ਜ਼ੋਰਾਂ 'ਤੇ : ਅਕਾਲੀ ਆਗੂ ਕਰਨੈਲ ਸਿੰਘ ਪੀਰਮੁਹੰਮਦ




**ਚੰਡੀਗੜ੍ਹ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਸ੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਮੈਬਰਸਿਪ ਭਰਤੀ ਲਈ ਸ੍ਰੋਮਣੀ ਅਕਾਲੀ ਦਲ ਦੇ ਸਾਬਕਾ ਜਰਨਲ ਸਕੱਤਰ ਤੇ ਬੁਲਾਰੇ ਸੀਨੀਅਰ ਅਕਾਲੀ ਆਗੂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਪੰਜ ਮੈਬਰੀ ਭਰਤੀ ਕਮੇਟੀ ਦੀ ਅਗਵਾਈ ਹੇਠ ਸ੍ਰੋਮਣੀ ਅਕਾਲੀ ਦਲ ਦੀ ਮਜਬੂਤੀ ਲਈ ਸਰਗਰਮ ਭੂਮਿਕ ਲਿਭਾਉਣ ਦਾ ਫੈਸਲਾ ਕੀਤਾ ਹੋਇਆ ਹੈ ਤੇ ਹਲਕਾ ਜੀਰਾ ਦੇ ਹਰੇਕ ਪਿੰਡ ਸਹਿਰ ਤੇ ਕਸਬੇ ਅੰਦਰ ਭਰਤੀ ਮੈਬਰਸਿਪ ਕਰਵਾਉਣ ਲਈ ਲਗਾਤਾਰ ਲੋਕਾ ਤੱਕ ਪਹੁੰਚ ਕੀਤੀ ਜਾ ਰਹੀ ਹੈ । ਸ੍ਰੋਮਣੀ ਅਕਾਲੀ ਦਲ ਦੀ ਭਰਤੀ ਕਮੇਟੀ ਦੇ ਮੈਬਰਾ ਸ੍ਰ ਮਨਪ੍ਰੀਤ ਸਿੰਘ ਇਆਲੀ , ਸ੍ਰ ਇਕਬਾਲ ਸਿੰਘ ਝੂੰਦਾ , ਬੀਬੀ ਸਤਵੰਤ ਕੌਰ , ਸ੍ਰ ਗੁਰਪ੍ਰਤਾਪ ਸਿੰਘ ਵਡਾਲਾ , ਜਥੇਦਾਰ ਸੰਤਾ ਸਿੰਘ ਉਮੈਦਪੁਰੀ ਦੀ ਦੇਖਰੇਖ ਹੇਠ ਭਰਤੀ ਮੁਹਿੰਮ ਸਿਖਰਾ ਤੇ ਚੱਲ ਰਹੀ ਹੈ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਉਹ ਖੁਦ ਆਪਣੇ ਸਾਥੀਆ ਗੁਰਮੁੱਖ ਸਿੰਘ ਸੰਧੂ , ਡਾਕਟਰ ਕਾਰਜ ਸਿੰਘ ਧਰਮਸਿੰਘ ਵਾਲਾ ਹਰਭਿੰਦਰ ਸਿੰਘ ਸੰਧੂ , ਸੁਖਵਿੰਦਰ ਸਿੰਘ ਪੀਰਮੁਹੰਮਦ ਸਮੇਤ ਹਲਕੇ ਦੇ ਅਨੇਕਾ ਪਿੰਡਾ ਵਿੱਚ ਭਰਤੀ ਕਰ ਚੁੱਕੇ ਹਨ ਤੇ ਹੁਣ ਭਰੀਆ ਹੋਈਆ ਕਾਪੀਆ ਮੁੱਖ ਦਫਤਰ ਵਿੱਚ ਪਹੁੰਚਦੀਆ ਕੀਤੀਆ ਜਾਣਗੀਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸਵ. ਸੁਮਨ ਖੱਟਰ ਨੇ ਮਰਨ ਤੋਂ ਬਾਅਦ ਆਪਣੀਆਂ ਅੱਖਾਂ ਕੀਤੀਆਂ ਦਾਨ

## ਮਰਨ ਉਪਰੰਤ ਅੱਖਾਂ ਦਾਨ ਕਰਕੇ ਰੁਸ਼ਨਾਈ ਜਾ ਸਕਦੀ ਹੈ ਕਿਸੇ ਲੋੜਵੰਦ ਦੀ ਜ਼ਿੰਦਗੀ- ਜਤਿੰਦਰ ਰਾਏ ਖੱਟਰ

ਬਠਿੰਡਾ, 17 ਜੂਨ (ਗੁਰਜੰਟ ਸਿੰਘ ਨਥੇਹਾ)- ਕਹਿੰਦੇ ਹਨ ਕਿ ਕਿਸੇ ਅੰਨੇ ਵਿਅਕਤੀ ਨੂੰ ਆਪਣੀਆਂ ਅੱਖਾਂ ਦਾਨ ਕਰਕੇ ਉਸਦੀਆਂ ਅੱਖਾਂ ਨੂੰ ਰੋਸ਼ਨੀ ਪ੍ਰਦਾਨ ਕਰਨ ਤੋਂ ਵੱਡਾ ਕੋਈ ਪੁੰਨ ਨਹੀਂ। ਇਸ ਲਈ ਵਿਅਕਤੀ ਨੂੰ ਮਰਨ ਉਪਰੰਤ ਆਪਣੀਆਂ ਅੱਖਾਂ ਜ਼ਰੂਰ ਦਾਨ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਕੋਈ ਅੰਨਾ ਵਿਅਕਤੀ ਅੱਖਾਂ ਮਿਲਣ ਤੋਂ ਬਾਅਦ ਦੁਨੀਆ ਨੂੰ ਦੇਖ ਸਕੇ। ਇਸੇ ਤਰ੍ਹਾਂ ਦੇ ਸਖ਼ਸ਼ੀਅਤ ਹੋਏ ਹਨ ਸਵ. ਸੁਮਨ ਖੱਟਰ, ਜਿਨ੍ਹਾਂ ਨੇ ਮਰਨ ਉਪਰੰਤ ਆਪਣੀਆਂ ਅੱਖਾਂ ਦਾਨ ਕੀਤੀਆਂ। ਉਨ੍ਹਾਂ ਦੇ ਪਤੀ ਐਡਵੋਕੇਟ ਜਤਿੰਦਰ ਰਾਏ ਖੱਟਰ, ਜੋ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਠਿੰਡਾ ਦੇ ਸਾਬਕਾ ਪ੍ਰਧਾਨ ਵੀ ਰਹੇ ਹਨ, ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਸੁਮਨ ਖੱਟਰ ਦੀ ਆਖਿਰੀ ਇੱਛਾ ਸੀ ਕਿ ਉਨ੍ਹਾਂ ਦੇ ਮਰਨ ਉਪਰੰਤ ਉਨ੍ਹਾਂ ਦੀਆਂ ਅੱਖਾਂ ਨੂੰ ਦਾਨ ਕਰ ਦਿੱਤਾ ਜਾਵੇ ਤਾਂ ਜੋ ਕਿਸੇ ਲੋੜਵੰਦ ਦੀ ਅੱਖਾਂ ਦੀ ਰੋਸ਼ਨੀ ਵਾਪਸ ਆ ਸਕੇ ਅਤੇ ਉਹ ਮੇਰੀਆਂ ਅੱਖਾਂ ਨਾਲ ਇਸ ਸੰਸਾਰ ਨੂੰ ਦੇਖਣ ਦੇ ਕਾਬਿਲ ਬਣ ਸਕੇ। ਜਤਿੰਦਰ ਰਾਏ ਖੱਟਰ ਨੇ ਦੱਸਿਆ ਕਿ ਇਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਮਾਤਾ ਜੀ ਸਵ. ਭਗਵਾਨੀ ਬਾਈ ਨੇ ਵੀ ਲੋਕ ਭਲਾਈ ਹਿੱਤ ਆਪਣੀਆਂ ਅੱਖਾਂ ਦਾ ਦਾਨ ਕੀਤਾ ਸੀ। ਜਤਿੰਦਰ ਰਾਏ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਧਰਮ ਪਤਨੀ ਦੀਆਂ ਅੱਖਾਂ ਡਾ. ਗੌਰਵ ਗੁਪਤਾ ਦੇ ਹਸਪਤਾਲ ਆਈ ਸ਼ਯੋਰ ਹਸਪਤਾਲ ਵਿਖੇ ਦਾਨ ਕੀਤੀਆਂ ਹਨ ਜੋ ਕਿ ਸਰਕਾਰ ਦਾ ਮਨਜ਼ੂਰਸ਼ੁਦਾ ਹਸਪਤਾਲ ਹੈ ਅਤੇ ਇਸ ਹਸਪਤਾਲ ਵਿਖੇ ਆਈ ਬੈਂਕ ਵੀ ਬਣਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਹ ਅੱਖਾਂ ਕਿਸੇ ਲੋੜਵੰਦ ਨੂੰ ਦਾਨ ਕੀਤੀਆਂ ਜਾਣਗੀਆਂ। ਜਤਿੰਦਰ ਰਾਏ ਨੇ ਦੱਸਿਆ ਕਿ ਉਨ੍ਹਾਂ ਦੇ ਧਰਮ ਪਤਨੀ 11 ਜੂਨ 2025 ਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਗਏ ਸਨ ਅਤੇ 12 ਜੂਨ ਨੂੰ ਉਨ੍ਹਾਂ ਦੀਆਂ ਅੱਖਾਂ ਦਾਨ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀ ਅੰਤਿਮ ਅਰਦਾਸ 21 ਜੂਨ 2025 ਨੂੰ 12 ਵਜੇ ਤੋਂ 1 ਵਜੇ ਤੱਕ ਲਾਰਡ ਰਾਮਾ ਹਾਲ, ਨੇੜੇ ਅਨਾਜ ਮੰਡੀ ਬਠਿੰਡਾ ਵਿਖੇ ਹੋਵੇਗੀ। ਜਤਿੰਦਰ ਰਾਏ ਨੇ ਦੱਸਿਆ ਕਿ ਉਹ ਸਮਾਜ ਸੇਵਾ ਦੇ ਕੰਮਾਂ ਨੂੰ ਤਰਜੀਹ ਦਿੰਦੇ ਹਨ ਅਤੇ ਇਸ ਕੰਮ ਵਿੱਚ ਉਨ੍ਹਾਂ ਦੇ ਸਪੁੱਤਰ ਇੰਜੀਨੀਅਰ ਰਾਜੇਸ਼ ਖੱਟਰ, ਐਡਵੋਕੇਟ ਰੋਹਿਤ ਖੱਟਰ ਅਤੇ ਐਡਵੋਕੇਟ ਰਮਨ ਖੱਟਰ ਵੀ ਉਨ੍ਹਾਂ ਨੂੰ ਸਹਿਯੋਗ ਕਰਦੇ ਹਨ।



ਆਵਾਜ਼ਿ ਕੌਮ AWAZE QAUM International Newspaper & WEB TV

# ਧੰਨ ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੁਸਾਇਟੀ ਪੰਜਾਬ ਨੇ ਲੋੜਵੰਦ ਰਾਸਨ ਦਿੱਤਾ

**ਚੌਕ ਮਹਿਤਾ, 18 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ(ਪੰਜਾਬ ) ਜਿਸ ਦੇ ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ,ਪ੍ਰਧਾਨ ਹਰਵਿੰਦਰ ਸਿੰਘ ਫੌਜੀ,ਸਰਪੰਚ ਹਰਜੀਤ ਸਿੰਘ ਵਡਾਲਾ ਜੌਹਲ, ਜਥੇਦਾਰ ਕਰਤਾਰ ਸਿੰਘ, ਸਮੁੱਚੀ ਟੀਮ ਵੱਲੋ ਅੱਜ ਪਿੰਡ ਨਵਾਂ ਪਿੰਡ ਵਿਖੇ ਬਲਦੇਵ ਸਿੰਘ ਜੀ ਨੂੰ ਮਿਲੇ ਏਨਾ ਦਾ ਚੂਲਾ ਟੁੱਟਾ ਹੋਇਆ ਹੈ ।ਇਨਾਂ ਦੇ ਬੱਚੇ ਵੀ ਛੋਟੇ ਨੇ,ਪਰਿਵਾਰ ਵਿੱਚ ਕਮਾਉਣ ਵਾਲੇ ਇਹੋ ਹੀ ਸਨ । ਕਾਫ਼ੀ ਸਮੇ ਤੋ ਮੰਜੇ ਤੇ ਨੇ ।ਧੰਨ ਬਾਬਾ ਜੀਵਨ ਸਿੰਘ ਸਰਬ ਸਾਂਝੀ ਸੇਵਾ ਸੁਸਾਇਟੀ ਪੰਜਾਬ ਵਲੋ ਇਹਨਾਂ ਨੂੰ ਰਾਸ਼ਨ ਦੀ ਸਹਾਇਤਾ ਦਿੱਤੀ ਗਈ ।



ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।



ਆਵਾਜ਼ਿ ਕੌਮ AWAZE QAUM International Newspaper & WEB TV

### Hazuri Ragi Sri Darbar Sahib

# Bhai Inderjit Singh Khalsa

## Funeral Services

**Sukhmani Sahib & Funeral**

Friday, June 20th 2025
11:30 am to 1:30 pm

**Chapels Of Chimes • 32992 Mission Blvd, Hayward**

**Sehaj Path Bhog, Kirtan and Ardas**
2:30 to 5 PM (will be live telecast on YouTube)

**Gurdwara Sahib • 300 Gurdwara Rd., Fremont**

**Simranjit Singh Khalsa: 510.491.7914**
**Surinder Singh Khalsa: 510.491.4220**

**from: Singh Sahib Bhai Jaswinder Singh**


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
EAST LONDON
ਆਵਾਜ਼ਿ ਕੌਮ AWAZE QAUM
International Newspaper & WEB TV
SATURDAY 5TH JULY | 1PM
ATAM ACADEMY
LITTLE HEATH | BARLEY LN | ROMFORD | RM6 4XX
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

## ਆਰਸੇਟੀ ਬਡਰੁੱਖਾਂ ਵਿਖੇ ਲੜਕੀਆਂ ਦਾ ਟੇਲਰਿੰਗ ਕੋਰਸ ਸਮਾਪਤ

# ਡਿਪਟੀ ਕਮਿਸ਼ਨਰ ਨੇ ਵੰਡੇ ਸਰਟੀਫਿਕੇਟ





**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਸਟੇਟ ਬੈਂਕ ਆਫ ਇੰਡੀਆ ਅਤੇ ਭਾਰਤ ਸਰਕਾਰ ਦੁਆਰਾ ਪਿੰਡ ਬਡਰੁੱਖਾਂ ਸੰਗਰੂਰ ਵਿਖੇ ਚਲਾਏ ਜਾ ਰਹੇ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾ (ਆਰਸੇਟੀ) ਵਿਖੇ ਵੂਮੈਨ ਟੇਲਰ ਕੋਰਸ ਸਫਲਤਾਪੂਰਨ ਸੰਪੰਨ ਹੋ ਗਿਆ। ਸਮਾਪਤੀ ਸਮਾਰੋਹ ਦੇ ਮੌਕੇ ਉੱਤੇ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਉਚੇਚੇ ਤੌਰ ਉੱਤੇ ਪਹੁੰਚ ਕੇ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਅਤੇ ਲੜਕੀਆਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਦਾ ਸੱਦਾ ਦਿੱਤਾ। ਇਸ 31 ਦਿਨਾਂ ਦੇ ਕੋਰਸ ਵਿੱਚ 31 ਸਿੱਖਿਆਰਥਣਾਂ ਨੇ ਭਾਗ ਲਿਆ।

**ਲੜਕੀਆਂ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਹੋਣ - ਡੀ ਸੀ ਸੰਦੀਪ ਰਿਸ਼ੀ**

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਸੰਦੀਪ ਰਿਸ਼ੀ ਨੇ ਸਿੱਖਿਆਰਥਣਾਂ ਨੂੰ ਹੁਨਰਮੰਦ ਹੋ ਕੇ ਆਪਣਾ ਰੁਜ਼ਗਾਰ ਸ਼ੁਰੂ ਕਰਨ ਬਾਰੇ ਪ੍ਰੇਰਿਤ ਕੀਤਾ ਤੇ ਨਾਲ ਹੀ ਕੋਰਸ ਸਮਾਪਤ ਹੋਣ ਦੀਆਂ ਮੁਬਾਰਕਾਂ ਦਿੱਤੀਆਂ। ਉਹਨਾਂ ਕਿਹਾ ਕਿ ਆਰਸੇਟੀ ਸੰਸਥਾ ਪੇਂਡੂ ਖੇਤਰ ਦੇ ਮੁੰਡੇ ਕੁੜੀਆਂ ਲਈ ਵਰਦਾਨ ਸਾਬਿਤ ਹੋ ਸਕਦੀ ਹੈ ਜੇਕਰ ਨੌਜਵਾਨ ਇਥੋਂ ਸਿਖਲਾਈ ਲੈ ਕੇ ਆਪਣੇ ਖੁਦ ਦੇ ਕੰਮ ਸ਼ੁਰੂ ਕਰਨ ਅਤੇ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ। ਉਹਨਾਂ ਕਿਹਾ ਕਿ ਇਥੋਂ ਸਿਖਲਾਈ ਲੈਣ ਵਾਲੇ ਸਿਖਿਆਰਥੀਆਂ ਨੂੰ ਨੌਕਰੀ ਨਾਲ ਜੋੜਨ ਜਾਂ ਆਪਣਾ ਕੰਮ ਧੰਦਾ ਸ਼ੁਰੂ ਕਰਨ ਤੱਕ ਪ੍ਰਸ਼ਾਸ਼ਨ ਵੱਲੋਂ ਹਰ ਤਰ੍ਹਾਂ ਦੀ ਯੋਗ ਮਦਦ ਕੀਤੀ ਜਾਂਦੀ ਹੈ।

ਇਸ ਮੌਕੇ ਸਿੱਖਿਆਰਥਣਾਂ ਨੂੰ ਸਰਕਾਰੀ ਬੈਂਕ ਦੇ ਲੋਨ ਬਾਰੇ ਜਾਣਕਾਰੀ ਦਿੱਤੀ ਗਈ । ਅਨਸੂਚਿਤ ਜਾਤੀਆਂ ਦੇ ਲਈ ਐੱਸ.ਸੀ ਕਾਰਪੋਰੇਸ਼ਨ ਵੱਲੋਂ ਵਿਸ਼ੇਸ ਲੋਨ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸਿੱਖਿਆਰਥੀਆਂ ਨੂੰ ਐੱਸ. ਸੀ. ਵਿਭਾਗ ਵਲੋਂ 50% ਦੀ ਸਬਸਿਡੀ ਦੇ ਨਾਲ ਕਈ ਕੰਮਾਂ ਲਈ ਲੋਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਨਾਰੀ ਸ਼ਕਤੀ ਉਤਸ਼ਾਹਿਤ ਕਰਨ ਲਈ ਬਹੁਤ ਸਾਰੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ।

ਇਸ ਮੌਕੇ ਸਿੱਖਿਆਰਥਣਾਂ ਨੇ ਐਸ.ਬੀ.ਆਈ. ਆਰਸੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੂਮੈਨ ਟੇਲਰ ਦੇ ਕੰਮ ਨੂੰ ਸਿੱਖਣ ਨਾਲ ਹੁਣ ਉਹ ਆਪਣਾ ਰੋਜ਼ਗਾਰ ਸ਼ੁਰੂ ਕਰ ਸਕਣਗੇ ਅਤੇ ਆਪਣੇ ਪਰਿਵਾਰ ਨੂੰ ਬਿਹਤਰ ਜ਼ਿੰਦਗੀ ਦੇ ਸਕਣਗੇ । ਇਸ ਮੌਕੇ ਤੇ ਸ਼੍ਰੀ ਵਿਪਿਨ ਕੌਸ਼ਲ ਖੇਤਰੀ ਮੈਨੇਜਰ ਐੱਸ.ਬੀ.ਆਈ ਆਰ.ਬੀ.ਓ-5 ਸੰਗਰੂਰ, ਸ਼੍ਰੀ ਸੰਜੀਵ ਅਗਰਵਾਲ ਐੱਲ.ਡੀ.ਐੱਮ ਸੰਗਰੂਰ, ਸ਼੍ਰੀ ਮੋਹਿੰਦਰ ਸਿੰਘ ਮੈਨੇਜਰ ਐੱਫ.ਆਈ, ਸ਼੍ਰੀ ਮਨੀਸ਼ ਗੁਪਤਾ ਡੀ.ਡੀ.ਐੱਮ ਨਾਬਾਰਡ, ਸ਼੍ਰੀ ਦਿਲੀਪ ਕੁਮਾਰ ਡਾਇਰੈਕਟਰ ਐੱਸ.ਬੀ.ਆਈ ਆਰ ਸੇਟੀ ਸੰਗਰੂਰ, ਸ਼੍ਰੀ ਬਾਲ ਕ੍ਰਿਸ਼ਨ (ਫੈਕਲਟੀ), ਸ਼੍ਰੀ ਅਮਨਦੀਪ ਠਾਕੁਰ (ਫੈਕਲਟੀ), ਸ਼੍ਰੀ ਮਨਜਿੰਦਰ ਸਿੰਘ (ਕਲਰਕ), ਸ਼੍ਰੀ ਮਦਨਜੀਤ ਸ਼ਰਮਾ (ਕਲਰਕ), ਸ਼੍ਰੀ ਹਰਦੀਪ ਸਿੰਘ ਅਤੇ ਸ਼੍ਰੀ ਮੱਖਣ ਸਿੰਘ ਵੀ ਮੌਜੂਦ ਸਨ।

## ਸਰਬ ਸਾਂਝੀ ਸੇਵਾ ਸੁਸਾਇਟੀ ਲੋਕ ਭਲਾਈ ਦੇ ਕੰਮਾਂ ਨੂੰ

# ਪਹਿਲ ਦੇ ਆਧਾਰ ਤੇ ਕਰ ਰਹੀ ਹੈ - ਭਾਈ -ਮਨਜੀਤ ਸਿੰਘ, ਭਾਈ ਹਰਵਿੰਦਰ ਸਿੰਘ ਫ਼ੌਜੀ



**ਚੌਕ ਮਹਿਤਾ, 18 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਬਾਬਾ ਜੀਵਨ ਸਿੰਘ ਜੀ ਸਰਬ ਸਾਂਝੀ ਸੇਵਾ ਸੁਸਾਇਟੀ (ਪੰਜਾਬ) ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰ ਰਹੀ ਹੈ ਤੇ ਪੰਜਾਬ ਵਾਸੀਆਂ ਦੇ ਸਹਿਯੋਗ ਨਾਲ ਇਹਨਾਂ ਕੰਮਾਂ ਨੂੰ ਨਿਰੰਤਰ ਜਾਰੀ ਰੱਖਿਆ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਮੁਖ ਸੇਵਾਦਾਰ ਭਾਈ ਮਨਜੀਤ ਸਿੰਘ ਅਤੇ ਉਪ ਸੇਵਾਦਾਰ ਸ੍ਰੀਹਰਵਿੰਦਰ ਸਿੰਘ ਫ਼ੌਜੀ ਨੇ ਹਲਕਾ ਜੰਡਿਆਲਾ ਗੁਰੂ ਅਧੀਨ ਪੈਂਦੇ ਪਿੰਡ ਨੰਗਲ ਦਿਆਲ ਸਿੰਘ ਵਿਖੇ ਹਰਵਿੰਦਰ ਸਿੰਘ ਫ਼ੌਜੀ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਸਾਡੀ ਸਮੁੱਚੀ ਟੀਮ ਨੂੰ ਪੂਰੇ ਪੰਜਾਬ ਵਿੱਚੋਂ ਖਾਸ ਕਰਕੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਲੋਕਾਂ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ ਜਿਸ ਲਈ ਅਸੀਂ ਲੋਕਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ। ਉਹਨਾਂ ਕਿਹਾ ਕਿ ਉਹਨਾਂ ਦੀ ਸਮੁੱਚੀ ਟੀਮ ਵਲੋਂ ਫਰੀ ਐਂਬੂਲੈਂਸ ਸੇਵਾ ਨਿਰੰਤਰ ਵੀ ਕੀਤੀ ਜਾ ਰਹੀ ਹੈ ਜੋ ਹਫਤੇ ਵਿੱਚ ਦੋ ਦਿਨ ਸੋਮਵਾਰ ਤੇ ਮੰਗਲਵਾਰ, ਗੁਰੂ ਰਾਮਦਾਸ ਹਸਪਤਾਲ ਹੇਠੀਆਂ ਵਿਖੇ ਸੇਵਾ ਨਿਭਾਉਂਦੀ ਹੈ ਅਤੇ ਬਾਕੀ ਦਿਨ ਜੰਡਿਆਲਾ ਗੁਰੂ ਹਲਕੇ ਵਿੱਚ ਆਉਂਦੇ ਪਿੰਡਾਂ, ਸ਼ਹਿਰਾਂ ਤੋਂ ਕਸਬਿਆਂ ਵਿੱਚ ਸੇਵਾ ਕਰਦੀ ਹੈ। ਉਹਨਾਂ ਕਿਹਾ ਕਿ ਹਰ ਗਰੀਬ ਗੁਰਬੇ, ਲੋੜਵੰਦ ਲਈ, ਸਾਡੀ ਐਂਬੂਲੈਂਸ ਹਮੇਸ਼ਾ ਹਾਜ਼ਰ ਰਹਿੰਦੀ ਹੈ ਤੇ ਸੇਵਾ ਸੁਸਾਇਟੀ ਦੀ ਐਂਬੂਲੈਂਸ ਦਾ ਕੋਈ ਵੀ ਕਿਸੇ ਵੀ ਤਰਾਂ ਦਾ ਕੋਈ ਕਿਰਾਇਆ ਨਹੀਂ ਲਿਆ ਜਾਂਦਾ, ਇਥੋਂ ਤੱਕ ਕਿ ਐਂਬੂਲੈਂਸ ਦਾ ਪੈਟਰੋਲ ਤੇ ਡਰਾਈਵਰ ਦਾ ਖਰਚਾ ਸੁਸਾਇਟੀ ਖੁਦ ਆਪਣੀ ਜੇਬ ਵਿੱਚੋਂ ਕਰਦੀ ਹੈ ਜੋ ਹਲਕੇ ਦੇ ਲੋਕਾਂ ਲਈ ਇੱਕ ਵਰਦਾਨ ਸਿੱਧ ਹੋਇਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਭਾਈ ਮਨਜੀਤ ਸਿੰਘ ਤੇ ਭਾਈ ਹਰਵਿੰਦਰ ਸਿੰਘ ਫ਼ੌਜੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਹਰੇਕ ਲੋੜਵੰਦ ਲੋਕਾਂ ਦੀਆਂ ਲੋੜਾਂ, ਜਿੰਨਾਂ ਲੋੜਵੰਦ ਲੋਕਾਂ ਦੀਆਂ ਬੇਟੀਆਂ ਦੇ ਵਿਆਹ, ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੇਵਾ, ਮੀਂਹ ਪੈਣ ਜਾਂ ਕਿਸੇ ਹੋਰ ਕਾਰਨ ਡਿੱਗੇ ਹੋਏ ਕੋਠਿਆਂ ਲਈ ਮਾਲੀ ਸਹਾਇਤਾ, ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਹਸਪਤਾਲਾਂ ਵਿਚ ਭਰਤੀ ਕਰਾਉਣ ਦੀ ਸੇਵਾ ਜਾਂ ਫਿਰ ਹੋਰ ਕਿਸੇ ਵੀ ਤਰ੍ਹਾਂ ਦੀ ਸੇਵਾ ਪਹਿਲ ਦੇ ਆਧਾਰ ਤੇ ਕਰ ਰਹੀ ਹੈ ਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਂਦਾ। ਇਸ ਮੌਕੇ ਤੇ ਸਾਬਕਾ ਸਰਪੰਚ ਹਰਜੀਤ ਸਿੰਘ, ਭਾਈ ਕਰਤਾਰ ਸਿੰਘ, ਹਰਦੇਵ ਸਿੰਘ ਦੇਬੂ, ਡਾਕਟਰ ਦਲੇਰ ਸਿੰਘ ਜੌਹਲ, ਅੰਮ੍ਰਿਤਪਾਲ ਸਿੰਘ ਆਦਿ ਨੇ ਵੀ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ।

# ਜੋ ਅਸ਼ਲੀਲਤਾ ਗੰਦ ਸ਼ੋਸਲ ਮੀਡੀਏ ਰਾਹੀ ਸ਼ਿਖਰਾ ਤੇ ਚਲ ਰਿਹਾ ਮੁਖ ਮੰਤਰੀ ਤੇ ਡੀ.ਜੀ.ਪੀ ਨੂੰ ਇਹ ਪਰਵਾਨ ਹੈ—ਬੰਡਾਲਾ



**ਫ਼ਿਰੋਜ਼ਪੁਰ, 17 ਜੂਨ (ਮਨੋਹਰ ਲਾਲ) :—** ਦਮਦਮੀ ਟਕਸਾਲ ਦੇ ਪੁਰਾਣੇ ਸਿੰਘ ਭਾਈ ਗੁਰਨਾਮ ਸਿੰਘ ਬੰਡਾਲਾ, ਭਾਈ ਮਲਕੀਤ ਸਿੰਘ ਮਝੈਲ, ਗਿਆਨੀ ਜੁਗਰਾਜ ਸਿੰਘ, ਭਾਈ ਸੁਖਲਾਲ ਸਿੰਘ ਆਦਿ ਸਿੰਘਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਪੰਜਾਬ ਅਤੇ ਡੀ.ਜੀ.ਪੀ ਪੰਜਾਬ ਪੁਲਿਸ, ਜ਼ਿਲ੍ਹਾ ਐਸ.ਐਸ.ਪੀ ਤੋਂ ਪੁਛਿਆ ਹੈ ਜੇ ਆਪ ਹਿਰਦੇ ਵਿਚ ਰੱਬ ਦਾ ਖੌਫ ਰਖਦੇ ਹੋ ਸੱਚੇ ਦਿਲੋ ਜਵਾਬ ਦਿਉਂ ਕੀ ਪੰਜਾਬ ਉਚੇ ਸੁਚੇ ਇਤਹਾਸਕ ਕਲਚਰ ਨੂੰ ਤਬਾਹ ਕਰਨ ਲਈ ਆਪ ਨਸ਼ੇ ਤੇ ਪੰਜਾਬ ਵਿੱਚ ਗੰਦੇ ਅਸਲੀਲਤ ਕਲਚਰ ਦੀਆਂ ਜੜ੍ਹਾਂ ਨੂੰ ਪਾਣੀ ਦੇ ਕੇ ਹਰੀਆਂ—ਭਰੀਆਂ ਨਹੀਂ ਰੱਖ ਰਹੇ। ਗੱਲਬਾਤ ਕਰਦਿਆਂ ਬੰਡਾਲਾ ਤੇ ਸਾਥੀਆਂ ਨੇ ਕਿਹਾ ਕਿ ਸੱਚ ਸੁਣੋ ਜੇ ਬਠਿੰਡੇ ਦੇ ਐਸ.ਐਸ.ਪੀ ਵਿਚ ਸਚੀ ਨੈਤਿਕਤਾ ਸਚਾਈ ਹੈ ਤੁਸੀਂ ਅਮਰਤਿਪਾਲ ਮਹਿਰੋ ਦੇ ਅਕਾਉਂਟ ਬੰਦ ਕਰ ਦਿੱਤੇ ਉਸ ਦੀ ਮਾਂ, ਭੈਣ, ਪਿਉ, ਰਿਸ਼ਤੇਦਾਰ ਫੜ ਲਏ ਥਾਣਿਆ ਵਿੱਚ ਭੁਖੇ ਤਿਹਾਏ ਰੱਖੇ ਜਿਹੜੀਆਂ ਲੜਕੀਆਂ—ਲੜਕਿਆਂ ਸ਼ੋਸ਼ਲ ਮੀਡੀਏ ਤੇ ਅਲਫ ਨੰਗਾ ਨਾਚ ਕਰਦੇ ਹਨ ਅਣਜਾਨ ਬੱਚਿਆਂ ਨੂੰ ਗੰਦ ਵਲ ਪਰੇਰਦੇ ਹਨ ਫੋਨ ਖੋਲਦਿਆਂ ਅਲਫ ਨੰਗ ਦਿਸਦਾ ਹੈ ਵੱਖ—ਵੱਖ ਇਸ਼ਾਰੇ ਮਿਲਦੇ ਹਨ ਉਨ੍ਹਾਂ ਦੇ ਅਕਾਊਂਟ ਬੰਦ ਕਿਉਂ ਨਹੀਂ ਕਰਦੇ ਕੀ ਤੁਸੀ ਇਨਸਾਫ ਤੇ ਚਲਦੇ ਹੋ ਕੀ ਪਰਮੇਸਰ ਵਾਹਿਗੁਰੂ ਇਸ ਗੁਪਤ ਹਰਕਤ ਨੂੰ ਮਾਫ ਕਰ ਦੇਵੇਗਾ। ਆਪ ਕੋਲ ਤਾਕਤ ਹੋਣ ਦੇ ਬਾਵਜੂਦ ਆਪ ਨੇ ਅੱਖਾਂ ਮੀਟੀਆਂ ਹਨ ਫਿਰ ਆਪ ਦੀ ਮਰਨ ਤੋਂ ਬਾਅਦ ਆਤਮਾ ਭਟਕ ਸਕਦੀ ਹੈ, ਪੜ੍ਹੇ—ਲਿਖੇ ਇਮਾਨਦਾਰ ਅਫਸਰ ਦਾ ਫਰਜ ਬਣਦਾ ਜਿਥੋਂ ਕਰਾਈਮ ਕਤਲੋ ਗਾਰਦ ਪੈਦਾ ਹੁੰਦੀ ਉਸ ਗੰਦ ਦੀ ਜੜ੍ਹ ਨੂੰ ਹੱਥ ਪਾਈਏ ਤਾਂ ਕਿ ਕਤਲੋ ਗਾਰਦ ਦਾ ਪੱਕਾ ਇਲਾਜ ਹੋਵੇ। ਗੱਲਬਾਤ ਕਰਦਿਆਂ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਤੇ ਸਾਥੀਆਂ ਨੇ ਕਿਹਾ ਕਿ ਬਠਿੰਡੇ ਜ਼ਿਲ੍ਹੇ ਵਿਚ ਇਕ ਪੁਲਿਸ ਅਫਸਰ ਹੈ ਸਚਾ—ਸੁਚਾ ਅਫਸਰ ਸਾਰੇ ਲੋਕਾਂ ਨੂੰ ਦਿਸ ਰਿਹਾ ਕਰਪਟ ਪ੍ਰਸ਼ਾਸਨ ਨੂੰ ਨਹੀਂ ਦਿਸ ਰਿਹਾ ਉਹ ਹੈ ਐਸ.ਐਚ.ਉ ਧਰਮ ਸਿੰਘ ਬਰਾੜ ਲੀਡਰਾਂ ਅੱਗੇ ਝੁਕਦਾ ਨਹੀਂ ਪੈਸਾ ਨਾ ਲੈਂਦਾ ਨਾ ਸਾਥੀਆਂ ਨੂੰ ਲੈਣ ਦਿੰਦਾ, ਅਸ਼ਲੀਲ ਔਰਤਾਂ ਨੂੰ ਠਾਣੇ ਵਿਚ ਸਦ ਕੇ ਸਾਫ ਚਿਟੇ ਸ਼ਬਦਾਂ ਵਿਚ ਸਮਝਾਉਦਾ ਹੈ ਸਾਡਾ ਪੰਜਾਬ ਨੂੰ ਐਸੇ ਅਫਸਰ ਸੰਭਾਲ ਸਕਦੇ ਹਨ। ਉਨ੍ਹਾਂ ਕਿਹਾ ਕਿ ਬਠਿੰਡੇ ਦੀ ਐਸ.ਐਸ.ਪੀ ਸਿਖ ਕਲਚਰ ਬਾਰੇ ਬਿਲਕੁਲ ਅਣਜਾਣ ਹੈ ਕਿਤਾਬਾਂ ਪੜਕੇ ਐਸ.ਐਸ.ਪੀ ਬਣ ਗਈ, ਐਸੇ ਅਫਸਰਾਂ ਦੀ ਪੰਜਾਬ ਵਿਚ ਭਰਤੀ ਬੰਦ ਹੋਣੀ ਚਾਹੀਦੀ ਜਿਨ੍ਹਾਂ ਨੂੰ ਸਿੱਖ ਇਤਹਾਸ ਦੇ ਬਾਰੇ ਰਤਾ ਵੀ ਪਤਾ ਨਹੀਂ ਜੋ ਗੰਦ ਸ਼ੋਸਲ ਮੀਡੀਏ ਤੇ ਚੱਲ ਰਿਹਾ ਉਸ ਵਾਸਤੇ ਹਿੰਦੂ ਧਾਰਮਿਕ ਲੋਕ ਵੀ ਰੋਜ ਸਰਕਾਰ ਦੇ ਕੰਨ ਖਾਦੇ ਹਨ ਖਾਲਸਾ ਧਰਮ ਕੋਲ ਸਚਾਈ ਹੈ ਇਕ ਮਹੀਨਾ ਰਾਜ ਸਾਨੂ ਦਿਉ ਗੰਦ ਨਸ਼ਾ ਦਾ ਨਾਮੋ ਨਿਸ਼ਾਨ ਨਹੀਂ ਮਿਲੇਗਾ ਵਡੇ—ਵਡੇ ਲੀਡਰ ਅਫਸਰ ਨਸ਼ੇ ਵਿਚ ਗਲਤ ਹੋ ਕੇ ਇਸ ਗੰਦ ਨੂੰ ਵੇਖ ਕੇ ਪਰਵਾਨ ਵੀ ਕਰਦੇ ਹਸਦੇ ਹਨ ਜੇਕਰ ਸਰਕਾਰ ਪੁਲਿਸ ਨੇ ਸ਼ੋਸਲ ਮੀਡੀਏ ਤੇ ਪਏ ਗੰਦ ਨੂੰ ਨਾ ਰੋਕਿਆ ਫਿਰ ਪੰਜਾਬ ਵਿਚ ਹਨੇਰ ਗਰਦੀ ਉਠੇਗੀ।\ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਤੇ ਸਾਥੀਆਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿੱਖ ਕੌਮ ਦੇ ਕਲਚਰ ਨੂੰ ਜੋ ਮਾਰ ਪੈ ਰਹੀ ਹੈ ਉਸ ਦੀ ਮੁੱਖ ਦੋਸ਼ੀ ਸ਼੍ਰੋਮਣੀ ਕਮੇਟੀ ਹੈ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਮਤਾ ਪਾ ਕੇ ਦੋ ਲਾਇਨਾਂ ਨੂੰ ਕਦੀ ਵੀ ਨਹੀਂ ਲਿਖੀਆ ਸਰਕਾਰ ਤੇ ਜੋਰ ਨਹੀਂ ਪਾਇਆ ਜੋ ਸ਼ੋਸਲ ਮੀਡੀਏ ਰੋਜਾਨਾ ਨੰਗਾ ਨਾਚ ਹੋ ਰਿਹਾ ਸਾਡੇ ਬੱਚਿਆ ਤੇ ਭੈੜਾ ਅਸਰ ਪੈ ਰਿਹਾ, ਉਸ ਨੂੰ ਰੋਕਣ ਲਈ ਸਰਕਾਰ ਸਖਤ ਕਨੂੰਨ ਬਣਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਨੇ ਸਰਸੇ ਵਾਲੇ ਦੀ ਗੰਦੀ ਲਚਰ ਫਿਲਮ ਪੰਜਾਬ ਵਿਚ ਚਲਾਉਣ ਲਈ ਸੰਗਤ ਤੇ ਗੰਦਾ ਪਾਣੀ ਸੁਟਿਆ ਸਿੰਘ ਸ਼ਹੀਦ ਕੀਤੇ ਇਨ੍ਹਾਂ ਦੀ ਵਿਰਿਸਤ ਕੁਰਸੀ ਹੈ ਬਾਕੀ ਸਭ ਠੀਕ ਹੈ।

# ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲਿਆਂ ਨੇ ਯੂਕੇ ਫੇਰੀ ਦੌਰਾਨ ਕਵੀਸ਼ਰ ਦਲਬੀਰ ਸਿੰਘ ਮਹਿਮੇ ਚੱਕ ਦਾ ਹਾਲ ਚਾਲ ਜਾਣਿਆ



**ਚੌਕ ਮਹਿਤਾ, 18 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰੂ ਕੇ ਕਵੀਸ਼ਰ ਪਿਆਰਿਆਂ ਨਾਲ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਮਹਿਤਾ ਰੋਡ ਅੰਮ੍ਰਿਤਸਰ ਦਾ ਇਨਾ ਪਿਆਰ ਹੈ ਕਿ ਉਹ ਅੱਜ ਵੀ ਕਵੀਸ਼ਰ ਜਥਿਆਂ ਦਾ ਪੂਰਾ ਮਾਨ ਸਤਿਕਾਰ ਕਰਦੇ ਹਨ ਜਿਸ ਦੀ ਮਿਸਾਲ ਉਸ ਵੇਲੇ ਮਿਲੀ ਜਦੋਂ ਸੰਤ ਬਾਬਾ ਸੱਜਣ ਸਿੰਘ ਜੀ ਆਪਣੀ ਇੰਗਲੈਂਡ ਫੇਰੀ ਦੌਰਾਨ ਕਵੀ ਰਾਜ ਕਵੀਸ਼ਰ ਜੋਗਾ ਸਿੰਘ ਜੋਗੀ ਦੇ ਜਥੇ ਨਾਲ ਸੇਵਾ ਕਰਦੇ ਰਹੇ ਲਾ ਮਿਸਾਲ ਕਵੀਸ਼ਰੀ ਗਵੱਈਏ ਅਤੇ ਲਿਖਾਰੀ ਦਲਬੀਰ ਸਿੰਘ ਮਹਿਮੇਚੱਕ ਜਿੰਨਾਂ ਦੀ ਸਿਹਤ ਅੱਜ ਕੱਲ ਕੁਝ ਢਿੱਲੀ ਹੈ ਅਤੇ ਉਹ ਯੂਕੇ ਦੇ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਹਨ ਕੋਲ ਸ਼ੁਭ ਅਰਦਾਸ਼ਾ ਲੈ ਕੇ ਪਹੁੰਚੇ ਅਤੇ ਦਲਬੀਰ ਸਿੰਘ ਮਹਿਮੇ ਚੱਕ ਦੀ ਜਲਦ ਸਿਹਤਜਾਬ ਹੋਣ ਦੀ ਕਾਮਨਾ ਕੀਤੀ, ਵਰਣਨਯੋਗ ਹੈ ਕਿ ਪਿਛਲੇ ਸਮੇਂ ਤੋਂ ਦਲਬੀਰ ਸਿੰਘ ਮਹਿਮੇ ਚੱਕ ਜੇਰੇ ਇਲਾਜ ਹੈ ਸਾਰੇ ਹੀ ਕਵੀਸ਼ਰ ਅਤੇ ਕਵੀਸ਼ਰੀ ਚਹੇਤੇ ਇਹਨਾਂ ਦੀ ਸਿਹਤਯਾਬੀ ਲਈ ਅਰਦਾਸਾਂ ਕਰਦੇ ਹਨ ਸੰਤ ਬਾਬਾ ਸੱਜਣ ਸਿੰਘ ਨੇ ਕਿਹਾ ਕਿ ਬੜਾ ਲੰਮਾ ਸਮਾਂ ਕਵੀਸ਼ਰ ਜਥਾ ਜੋਗਾ ਸਿੰਘ ਜੋਗੀ ਦੇ ਨਾਲ ਦਲਬੀਰ ਸਿੰਘ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਹੋਲਾ ਮਹੱਲਾ ਦੀਵਾਨਾਂ ਅਤੇ ਹਾਜਰੀ ਭਰਦੇ ਰਹੇ ਹਨ ਪਰਮਾਤਮਾ ਇਸ ਸਿੰਘ ਨੂੰ ਜਲਦੀ ਤੰਦਰੁਸਤੀ ਬਖਸ਼ਣ ਇਸ ਮੌਕੇ ਤੇ ਹੋਰ ਵੀ ਕਵੀਸ਼ਰ ਅਤੇ ਸਿੱਖ ਆਗੂ ਸੰਤ ਬਾਬਾ ਸੱਜਣ ਸਿੰਘ ਨਾਲ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਨੇ ਪਿੰਡ ਦੌਲਤਪੁਰ ਵਿਖੇ ਕਿਸਾਨ ਭੁਪਿੰਦਰ ਸਿੰਘ ਦੇ ਖੇਤ ਵਿੱਚ ਮੱਕੀ ਦੀ ਬਿਜਾਈ ਕਰਵਾਈ



**ਧੂਰੀ ( ਰਣਜੀਤ ਸਿੰਘ ਪੇਧਨੀ )** ਇਸ ਵਾਰ ਸੂਬੇ ਅੰਦਰ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਗਈ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਤੋਂ ਖੇਤੀਬਾੜੀ ਵਿਭਾਗ ਦੇ ਨਾਲ-ਨਾਲ ਕਿਸਾਨ ਵੀ ਚਿੰਤਤ ਹਨ। ਮੁਹਿੰਮ ਬੇਸ਼ੱਕ ਝੋਨੇ ਦੀ ਸਿੱਧੀ ਬਿਜਾਈ ਦੀ ਹੋਵੇ ਜਾਂ ਝੋਨੇ ਹੇਠੋਂ ਰਕਬਾ ਕੱਢ ਕੇ ਹੋਰ ਫੈਸਲਾ ਵੱਲ ਲਿਜਾਣ ਦੀ ਕਿਸਾਨ ਇਸ ਨੂੰ ਲਗਾਤਾਰ ਸਹਿਯੋਗ ਦੇ ਰਹੇ ਹਨ। ਜਿਸ ਅਧੀਨ ਸੰਗਰੂਰ ਸਮੇਤ ਛੇ ਜ਼ਿਲ੍ਹਿਆਂ ਦੀ ਚੋਣ ਕੀਤੀ ਗਈ ਹੈ। ਮੁੱਖ ਖੇਤੀਬਾੜੀ ਅਫ਼ਸਰ ਡਾ. ਧਰਮਿੰਦਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਦੋਨਾਂ ਜ਼ਿਲ੍ਹਿਆਂ ਵਿਚ 5000 ਏਕੜ ਰਕਬੇ ਵਿਚ ਮੱਕੀ ਦੀ ਕਾਸ਼ਤ ਕਰਵਾਉਣ ਦਾ ਟੀਚਾ ਰੱਖਿਆ ਗਿਆ ਹੈ। ਅਮਨਦੀਪ ਕੌਰ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਇਸ ਟੀਚੇ ਨੂੰ ਪੂਰਾ ਕਰਨ ਲਈ ਦੋਨਾਂ ਜ਼ਿਲ੍ਹਿਆਂ ਵਿਚ ਤਾਇਨਾਤ 50 ਕਿਸਾਨ ਮਿੱਤਰ ਅਤੇ ਖੇਤੀਬਾੜੀ ਵਿਭਾਗ ਦੇ ਕਰਮਚਾਰੀ ਕਿਸਾਨਾਂ ਨਾਲ ਲਗਾਤਾਰ ਰਾਬਤਾ ਬਣਾ ਰਹੇ ਹਨ ਜੋ ਕਿਸਾਨ ਮੱਕੀ ਦੀ ਕਾਸ਼ਤ ਕਰਨਗੇ। ਉਨ੍ਹਾਂ ਨੂੰ ਸਕੀਮ ਬਾਰੇ ਪੂਰੀ ਜਾਣਕਾਰੀ ਦਿੱਤੀ ਜਾ ਰਹੀ ਹੈ, ਜੋ ਇਹ ਕਾਸ਼ਤ ਨਹੀ ਕਰਨਗੇ। ਮੱਕੀ ਫਸਲ ਨੂੰ ਸਰਕਾਰੀ ਪੱਧਰ 'ਤੇ ਹੋਵੇਗੀ। ਇਸ ਮੱਕੀ ਨੂੰ ਖ਼ਰੀਦ ਕੇ ਸੂਬੇ ਅੰਦਰ ਸਥਿਤ ਐਥਨੋਲ ਦੇ ਕਾਰਖ਼ਾਨਿਆਂ ਨੂੰ ਭੇਜੇਗੀ, ਜ਼ਿਲ੍ਹਾ ਸੰਗਰੂਰ ਦੇ ਪਿੰਡ ਦੌਲਤਪੁਰ ਵਿਖੇ ਕਿਸਾਨ ਭੁਪਿੰਦਰ ਸਿੰਘ ਦੇ ਖੇਤ ਵਿੱਚ ਮੱਕੀ ਦੀ ਬਿਜਾਈ ਕਰਵਾਉਣ ਮੌਕੇ ਮੁੱਖ ਖੇਤੀਬਾੜੀ ਅਫਸਰ ਧਰਮਿੰਦਰਜੀਤ ਸਿੰਘ ਡਾਕਟਰ ਅਮਨਦੀਪ ਕੌਰ ਖੇਤੀਬਾੜੀ ਅਫਸਰ ਡਾਕਟਰ ਸਰਬਜੀਤ ਸਿੰਘ ਵਿਸਥਾਰ ਅਫਸਰ ਮਨਪ੍ਰੀਤ ਕੌਰ ਏਐਸਆਈ ਹਰਜੀਤ ਸਿੰਘ ਏਟੀਐਮ ਜਗਰਾਜ ਸਿੰਘ ਬੇਲਦਾਰ ਹਾਜ਼ਰ ਸਨ।





## ਜਨਮ ਦਿਨ ਮੁਬਾਰਕ

**ਦਿਲਰੋਜ ਸਿੰਘ**

ਪਿਤਾ ਸੰਤ ਬਾਬਾ ਚਮਕੌਰ ਸਿੰਘ, ਮਾਤਾ ਕੁਲਵਿੰਦਰ ਕੌਰ, ਪਿੰਡ ਵਡਾਲਾ ਜੋਹਲ (ਅੰਮ੍ਰਿਤਸਰ ਸਾਹਿਬ)

ਆਵਾਜ਼ਿ ਕੌਮ AWAZE QAUM International Newspaper & WEB TV

### ਜੀ 7 ਸੰਮੇਲਨ ਦੌਰਾਨ ਕੈਲਗਰੀ ਵਿੱਚ

# ਕੈਨੇਡੀਅਨ ਸਿੱਖਾਂ ਵਲੋਂ ਨਰਿੰਦਰ ਮੋਦੀ ਦਾ ਵਿਰੋਧ ਕਰਨ ਲਈ ਰੈਲੀ




**ਨਵੀਂ ਦਿੱਲੀ 17 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਕੈਨੇਡਾ ਦੇ ਕੈਲਗਰੀ ਵਿਖੇ ਜੀ-7 ਨੇਤਾਵਾਂ ਦੇ ਸੰਮੇਲਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸਿੱਖਾਂ ਨੇ ਨੀਲੇ ਅਤੇ ਪੀਲੇ ਖਾਲਿਸਤਾਨੀ ਝੰਡੇ ਲਹਿਰਾਏ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿੰਦਾ ਕਰਦੇ ਪੋਸਟਰ ਫੜੇ ਹੋਏ ਸਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਜੀ 7 ਸੰਮੇਲਨ ਵਿੱਚ ਮੋਦੀ ਨੂੰ ਮਹਿਮਾਨ ਵਜੋਂ ਸੱਦਾ ਦੇਣ ਤੋਂ ਬਾਅਦ ਰੋਸ ਪੈਦਾ ਹੋ ਗਿਆ ਹੈ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਐਸਐਫਜੇ ਦੇ ਡਾਕਟਰ ਬਖਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਮੋਦੀ ਦਾ ਕੈਨੇਡਾ ਵਿੱਚ ਆਉਣਾ ਮੋਦੀ ਸਰਕਾਰ ਦੇ ਅਪਰਾਧਾਂ 'ਤੇ ਰੌਸ਼ਨੀ ਪਾਉਣ ਦਾ ਇੱਕ ਮੌਕਾ ਹੈ ਅਤੇ ਇਹ ਜੀ 7 ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਮੌਕਾ ਹੈ। ਅਸੀਂ ਜੀ 7 ਨੂੰ ਇਹ ਵੀ ਕਹਿੰਦੇ ਹਾਂ ਕਿ ਉਹ ਮੋਦੀ 'ਤੇ ਪੰਜਾਬ ਦੇ ਕਬਜ਼ੇ ਨੂੰ ਆਜ਼ਾਦ ਕਰਵਾਉਣ ਲਈ ਖਾਲਿਸਤਾਨ ਜਨਮਤ ਸੰਗ੍ਰਹਿ ਕਰਵਾਉਣ ਲਈ ਦਬਾਅ ਪਾਉਣ, ਤਾਂ ਜੋ ਪੰਜਾਬ ਦੇ ਲੋਕਾਂ ਨੂੰ ਸਾਰੇ ਜੀ 7 ਦੇਸ਼ਾਂ ਦੇ ਨਾਗਰਿਕਾਂ ਵਾਂਗ ਹੀ ਅਧਿਕਾਰ ਮਿਲ ਸਕਣ। ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਮਨਜਿੰਦਰ ਸਿੰਘ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਸੰਤੋਖ ਸਿੰਘ ਖੇਲਾ ਨੇ ਕਿਹਾ ਕਿ ਕੈਨੇਡਾ ਨੇ ਸਿੱਖਾਂ ਨੂੰ (ਮੋਦੀ) ਨੂੰ ਸਿੱਧੇ ਤੌਰ 'ਤੇ ਚੁਣੌਤੀ ਦੇਣ ਅਤੇ ਅਗਲੇ ਉਨ੍ਹਾਂ ਵਲੋਂ ਕੀਤੇ ਗਏ ਅਪਰਾਧਾਂ 'ਤੇ ਹਮਲਾ ਕਰਨ ਦਾ ਮੌਕਾ ਦਿੱਤਾ, ਜਿਸ ਲਈ ਅਸੀਂ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਭਾਵੇਂ ਭਾਰਤ ਜੀ 7 ਦਾ ਹਿੱਸਾ ਨਹੀਂ ਹੈ, ਪਰ ਹੁਣ ਉਨ੍ਹਾਂ 'ਤੇ ਦਬਾਅ ਪਾਇਆ ਜਾ ਸਕਦਾ ਹੈ ਅਤੇ ਓਸ ਨੂੰ ਇੰਨ੍ਹਾ ਤੋਂ ਅਲੱਗ-ਥਲੱਗ ਕੀਤਾ ਜਾ ਸਕਦਾ ਹੈ। ਅਤੇ ਸਾਨੂੰ ਉਨ੍ਹਾਂ ਸਵਾਲਾਂ ਦੇ ਜਵਾਬ ਮਿਲ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਦੁਨੀਆ ਭਰ ਦੇ ਕਾਰਕੁਨਾਂ ਵਿਰੁੱਧ ਅਪਰਾਧਾਂ ਲਈ ਅੰਤਰਰਾਸ਼ਟਰੀ ਪੱਧਰ 'ਤੇ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਵਿਦੇਸ਼ਾਂ ਅੰਦਰ ਵਿਚਰ ਰਹੇ ਆਜ਼ਾਦੀ ਪਸੰਦ ਸਿੱਖ ਕਾਰਕੁੰਨ ਲੰਬੇ ਸਮੇਂ ਤੋਂ ਭਾਰਤ ਵਿੱਚ ਇੱਕ ਸੁਤੰਤਰ ਸਿੱਖ ਰਾਜ, ਜਿਸਨੂੰ ਪੰਜਾਬ (ਖਾਲਿਸਤਾਨ) ਵਜੋਂ ਜਾਣਿਆ ਜਾਂਦਾ ਹੈ, ਦੀ ਵਕਾਲਤ ਕਰ ਰਹੇ ਹਨ, ਨੇ ਮੋਦੀ ਸਰਕਾਰ ਲਈ ਇੱਕ ਚੁਣੌਤੀ ਪੇਸ਼ ਕੀਤੀ ਹੋਈ ਹੈ। ਇਥੇ ਦਸਣਯੋਗ ਹੈ ਕਿ ਕੈਨੇਡਾ ਦੀ ਆਰਸੀਐਮਪੀ ਨੇ ਮੋਦੀ ਸਰਕਾਰ 'ਤੇ ਕੈਨੇਡਾ ਵਿੱਚ ਕਤਲ, ਜ਼ਬਰਦਸਤੀ ਅਤੇ ਜਬਰੀ ਵਸੂਲੀ ਵਿੱਚ ਭੂਮਿਕਾ ਨਿਭਾਉਣ ਦਾ ਦੋਸ਼ ਲਗਾਇਆ ਸੀ। ਇਸ ਤੋਂ ਪਹਿਲਾਂ, 2023 ਵਿੱਚ, ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਸਰਕਾਰੀ ਏਜੰਟਾਂ 'ਤੇ ਸਰੀ, ਬੀਸੀ ਵਿੱਚ ਸਿੱਖ ਕਾਰਕੁਨ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਇਸ ਮੌਕੇ ਕੁਝ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਦੇ ਮੋਢਿਆਂ 'ਤੇ ਯੂਕਰੇਨੀ ਝੰਡੇ ਸਨ, ਨੇ ਕਿਹਾ ਕਿ ਉਹ ਦੇਸ਼ 'ਤੇ ਰੂਸ ਦੇ ਹਮਲੇ ਦਾ ਵਿਰੋਧ ਕਰ ਰਹੇ ਸਨ। ਗਾਜ਼ਾ 'ਤੇ ਇਜ਼ਰਾਈਲ ਦੀ ਜੰਗ ਦੀ ਨਿੰਦਾ ਕਰਨ ਵਾਲੇ ਕੁਝ ਕਾਰਕੁੰਨ ਵੀ ਸਨ। ਕੁਝ ਜਲਵਾਯੂ ਪ੍ਰਦਰਸ਼ਨਕਾਰੀਆਂ ਨੇ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਇੱਕ "ਪਾਣੀ ਜੀਵਨ ਹੈ" ਅਤੇ ਦੂਜਾ "ਤੇਲ ਅਤੇ ਗੈਸ ਤੁਹਾਨੂੰ ਪਿਆਰ ਨਹੀਂ ਕਰਦੇ" ਲਿਖਿਆ ਸੀ। ਕੈਨੇਡਾ ਸੰਯੁਕਤ ਰਾਜ, ਫਰਾਂਸ, ਯੂਨਾਈਟਿਡ ਕਿੰਗਡਮ, ਜਰਮਨੀ, ਜਾਪਾਨ, ਇਟਲੀ ਅਤੇ ਯੂਰਪੀਅਨ ਯੂਨੀਅਨ ਦੇ ਨੇਤਾਵਾਂ ਦੀ ਮੇਜ਼ਬਾਨੀ ਕਰ ਰਿਹਾ ਹੈ।

# ਕੋਵਿਡ ਦੇ ਤਿੰਨ ਨਵੇਂ ਕੇਸ ਆਏ ਸਾਹਮਣੇ, ਕੋਵਿਡ ਦੇ ਨਵੇਂ ਵੇਰੀਐਂਟ ਤੋਂ ਘਬਰਾਉਣ ਦੀ ਲੋੜ ਨਹੀਂ : ਸਿਵਲ ਸਰਜਨ: ਡਾ ਕਿਰਨਦੀਪ ਕੌਰ

ਜੰਡਿਆਲਾ ਗੁਰੂ,17 ਜੂਨ ( ਕੁਲਵੰਤ ਸਿੰਘ ਵਿਰਦੀ ) ਭਾਵੇਂ ਕੋਵਿਡ ਦੇ ਨਵੇਂ ਵੇਰੀਐਂਟ ਦੇ ਤਿੰਨ ਨਵੇਂ ਮਾਮਲੇ ਸਾਹਮਣੇ ਆਏ ਹਨ, ਪਰ ਫਿਰ ਵੀ ਇਹਨਾਂ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ, ਇਹ ਵਿਚਾਰ ਸਿਵਲ ਸਰਜਨ ਡਾ.ਕਿਰਨਦੀਪ ਕੌਰ ਵੱਲੋਂ ਕੋਵਿਡ ਦੇ 3 ਕੇਸਾਂ ਦੀ ਪੁਸ਼ਟੀ ਕਰਨ ਸਮੇਂ ਕਹੇ ਗਏ। ਉਹਨਾਂ ਆਖਿਆ ਕਿ ਇਹ ਤਿੰਨੋ ਕੇਸ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰ ਹਨ, ਜੋਕਿ ਇਸ ਸਮੇਂ ਹੋਮ ਆਈਸੋਲੇਟ ਹਨ ਅਤੇ ਬਿਲਕੁਲ ਠੀਕ ਹਨ। ਨਵੇਂ ਵੇਰੀਐਂਟ ਦੇ ਮਰੀਜ਼ ਬਹੁਤ ਜਲਦੀ ਆਪਣੇ ਆਪ ਹੀ ਦੋ ਤਿੰਨ ਦਿਨਾਂ ਦੇ ਵਿੱਚ ਰਿਕਵਰ ਹੋ ਜਾਂਦੇ ਹਨ, ਇਸ ਲਈ ਕੋਵਿਡ ਦੇ ਨਵੇਂ



ਵੇਰੀਐਂਟ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਹਨਾ ਆਮ ਜਨਤਾ ਨੂੰ ਅਪੀਲ ਕੀਤੀ ਕਿ ਕੋਵਿਡ ਦੇ ਹਲਕੇ ਲੱਛਣਾਂ ਜਿਵੇਂ ਖਾਂਸੀ, ਜੁਕਾਮ, ਬੁਖਾਰ, ਸਾਹ ਵਿੱਚ ਤਕਲੀਫ ਆਦਿ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ। ਭੀੜ ਭਾੜ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਪਰਹੇਜ਼ ਕੀਤਾ ਜਾਵੇ। ਬਜ਼ੁਰਗਾਂ, ਗਰਭਵਤੀ ਮਾਵਾਂ, ਛੋਟੇ ਬੱਚੇ, ਸ਼ੂਗਰ, ਹਾਈਪਰਟੈਂਸ਼ਨ ਤੇ ਕਿਡਨੀ ਦੇ ਮਰੀਜ਼ ਆਦਿ ਨੂੰ ਆਪਣਾ ਖਾਸ ਧਿਆਨ ਰੱਖਣ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਸਮੇਂ ਸਮੇਂ ਤੇ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੋੜ ਅਨੁਸਾਰ ਮਾਸਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੋਈ ਵੀ ਗੰਭੀਰ ਲੱਛਣ ਸਾਹਮਣੇ ਆਉਂਦੇ ਤੁਰੰਤ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਅਤੇ ਇਲਾਜ ਕਰਾਉਣਾ ਚਾਹੀਦਾ। ਇਸ ਤੋਂ ਇਲਾਵਾ ਅਫਵਾਵਾਂ ਅਤੇ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਤੋਂ ਬਚਣਾ ਚਾਹੀਦਾ ਹੈ।

# ਪ੍ਰਧਾਨ ਮੰਤਰੀ ਮੋਦੀ ਦਾ ਵਿਰੋਧ ਕਰਕੇ, ਖਾਲਿਸਤਾਨੀਆਂ ਨੇ ਕੈਨੇਡਾ ਦੀ ਛਵੀ ਨੂੰ ਖ਼ਰਾਬ ਕੀਤਾ ਹੈ: ਪ੍ਰੋ. ਸਰਚਾਂਦ ਸਿੰਘ

**ਅੰਮ੍ਰਿਤਸਰ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਦੇ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਦੁਨੀਆ ਵਿੱਚ ਭਾਰਤ ਦੀ ਵਧਦੀ ਮਹੱਤਤਾ ਦੇ ਮੱਦੇਨਜ਼ਰ ਜੀ-7 ਸੰਮੇਲਨ ਵਿੱਚ ਹਿੱਸਾ ਲੈਣ ਲਈ ਦਿੱਤੇ ਗਏ ਸੱਦੇ 'ਤੇ ਸਰਕਾਰੀ ਮਹਿਮਾਨ ਵਜੋਂ ਕੈਨੇਡਾ ਪਹੁੰਚੇ ਹਨ, ਇਸ ਲਈ, ਕੈਨੇਡਾ ਵਿੱਚ ਕੁਝ ਖਾਲਿਸਤਾਨੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੀਤਾ ਗਿਆ ਵਿਰੋਧ ਅਸਲ 'ਚ ਕੈਨੇਡੀਅਨ ਸਰਕਾਰ ਦਾ ਵਿਰੋਧ ਹੈ। ਇਸ ਲਈ ਪ੍ਰਦਰਸ਼ਨਕਾਰੀਆਂ ਵਿਰੁੱਧ ਕੈਨੇਡੀਅਨ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।



ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਭਾਵੇਂ ਪ੍ਰਦਰਸ਼ਨਕਾਰੀ ਆਪਣੇ ਆਪ ਨੂੰ ਕੈਨੇਡਾ ਦੇ ਨਾਗਰਿਕ ਕਹਿੰਦੇ ਹਨ, ਪਰ ਸਰਕਾਰੀ ਮਹਿਮਾਨ ਦਾ ਵਿਰੋਧ ਕਰਕੇ ਉਹ ਖ਼ੁਦ ਸਰਕਾਰ ਦਾ ਵਿਰੋਧ ਕਰ ਰਹੇ ਸਨ। ਅਜਿਹਾ ਕਰਕੇ ਖਾਲਿਸਤਾਨੀਆਂ ਨੇ ਕੈਨੇਡਾ ਦੀ ਛਵੀ ਨੂੰ ਖ਼ਰਾਬ ਕੀਤਾ ਹੈ। ਇਨ੍ਹਾਂ ਕੋਲ ਨਾ ਤਾਂ ਬੁੱਧੀ ਹੈ, ਨਾ ਸ਼ਰਮ, ਨਾ ਸਮਝ, ਨਾ ਜ਼ਮੀਰ ਹੈ ਅਤੇ ਨਾ ਹੀ ਜ਼ਮੀਨ, ਜੋ ਸਰਕਾਰੀ ਮਹਿਮਾਨ ਦਾ ਵਿਰੋਧ ਕਰਨ ਗਏ ਸਨ। ਇਹ ਲੋਕ ਕੈਨੇਡਾ ਵਿੱਚ ਰਹਿਣ ਦੇ ਲਾਇਕ ਨਹੀਂ ਹਨ, ਭਾਰਤ ਨੂੰ ਭੁੱਲ ਜਾਓ, ਕਿਉਂਕਿ ਉਨ੍ਹਾਂ ਨੇ ਕੈਨੇਡੀਅਨ ਸਰਕਾਰ ਦੇ ਫ਼ੈਸਲੇ 'ਤੇ ਇਤਰਾਜ਼ ਕੀਤਾ ਹੈ। ਇਹ ਲੋਕ ਨਾ ਤਾਂ ਭਾਰਤ ਦੇ ਵਫ਼ਾਦਾਰ ਹਨ ਅਤੇ ਨਾ ਹੀ ਕੈਨੇਡਾ ਦੇ। ਕਿਸ ਦੀ ਵਫ਼ਾਦਾਰੀ ਦਾ ਜਵਾਬ ਹੈ, ਅਖੌਤੀ ਸਿੱਖ ਫਾਰ ਜਸਟਿਸ ਦੇ ਆਗੂ ਗੁਰ ਪਤਵੰਤ ਪੰਨੂ ਪਾਕਿਸਤਾਨ ਦੇ ਵਫ਼ਾਦਾਰ ਹਨ, ਜਿਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਉਹ ਕੰਮ ਕਰ ਰਹੇ ਹਨ।

ਪ੍ਰੋ. ਸਰਚਾਂਦ ਸਿੰਘ ਨੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਦਿਮਾਗ. ਦੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਦੇ ਸਾਰੇ ਭਾਈਚਾਰਿਆਂ ਅਤੇ ਧਰਮਾਂ ਦੀ ਨੁਮਾਇੰਦਗੀ ਕਰ ਰਹੇ ਹਨ। ਸ਼੍ਰੀ ਮੋਦੀ ਦਾ ਰਾਜਨੀਤੀ ਖ਼ਤਮ ਕਰਨ ਦਾ ਨਾਅਰਾ ਅਸਲ ਵਿੱਚ ਉਨ੍ਹਾਂ ਲਈ ਇਕ ਧਮਕੀ ਸੀ, ਸ਼੍ਰੀ ਮੋਦੀ ਦਾ ਕੈਨੇਡਾ ਵਿੱਚ ਬੇ-ਫੌਖ ਪਹੁੰਚਣਾ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਥੱਪੜ ਹੈ ਜੋ ਕੈਨੇਡਾ ਨੂੰ ਪਰੇਸ਼ਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਮਨੁੱਖਤਾ ਦੀ ਸੇਵਾ, ਭਾਈਚਾਰਕ ਸਾਂਝ ਅਤੇ ਬੇਸ਼ੱਕ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ। ਸਿੱਖ ਭਾਈਚਾਰੇ ਨੇ ਕੁਦਰਤੀ ਆਫ਼ਤਾਂ ਦੌਰਾਨ ਮਨੁੱਖਤਾ ਦੀ ਸੇਵਾ ਕਰਕੇ ਆਪਣੀ ਵੱਖਰੀ ਪਛਾਣ ਬਣਾਈ ਹੈ। ਪਰ ਖਾਲਿਸਤਾਨ ਪੱਖੀ ਲੋਕ ਭਾਰਤ ਵਿਰੁੱਧ ਹੰਗਾਮਾ ਕਰਕੇ ਉਸ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿ ਸਿੱਖ ਧਰਮ ਦੇ ਸੰਦੇਸ਼ ਦੇ ਬਿਲਕੁਲ ਉਲਟ ਹੈ। ਹੱਦ ਉਦੋਂ ਪਾਰ ਹੋ ਗਈ ਜਦੋਂ ਸਿੱਖ ਸਿਧਾਂਤਾਂ ਤੋਂ ਸੱਖਣੇ ਪੰਨੂ ਨੇ ਮਾਸੂਮ ਬੱਚਿਆਂ ਦੇ ਮਨਾਂ ਵਿੱਚ ਭਾਰਤ ਅਤੇ ਹਿੰਦੂਆਂ ਪ੍ਰਤੀ ਨਫ਼ਰਤ ਭਰਨ ਦੀ ਕੋਸ਼ਿਸ਼ ਕੀਤੀ ਅਤੇ ਇੱਕ ਸਵਾਰਥੀ ਰਾਜਨੀਤਿਕ ਏਜੰਡੇ ਲਈ ਮਾਸੂਮ ਬੱਚਿਆਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਅਤੇ ਤਿਰੰਗੇ ਦਾ ਅਪਮਾਨ ਕਰਵਾ ਕੇ ਨੈਤਿਕ ਗਿਰਾਵਟ ਵੀ ਦਿਖਾਈ। ਉਨ੍ਹਾਂ ਕਿਹਾ ਕਿ ਮਾਸੂਮ ਬੱਚਿਆਂ ਦੇ ਬ੍ਰੇਨਵਾਸ਼ ਕਰਨ ਅਤੇ ਉਨ੍ਹਾਂ ਵਿੱਚ ਭਾਰਤ ਅਤੇ ਹਿੰਦੂਆਂ ਪ੍ਰਤੀ ਨਫ਼ਰਤ ਭਰਨ ਦੀ ਸਿੱਖ ਭਾਈਚਾਰੇ ਵੱਲੋਂ ਵੱਡੇ ਪੱਧਰ 'ਤੇ ਸਖ਼ਤ ਨਿੰਦਾ ਕੀਤੀ ਜਾ ਰਹੀ ਹੈ। ਅਖੌਤੀ ਖਾਲਿਸਤਾਨੀ ਲਹਿਰ ਸਿੱਖਾਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦੇਵੇਗੀ। ਵੰਡ 'ਤੇ ਜ਼ੋਰ ਦੇਣ ਦੀ ਇਹ ਵਰਤਾਰਾ ਸਿੱਖਾਂ ਦੇ ਅਕਸ ਨੂੰ ਵਿਗਾੜ ਰਹੀ ਹੈ। ਖਾਲਿਸਤਾਨੀ 1984 ਦੇ ਸਿੱਖ ਕਤਲੇਆਮ ਅਤੇ ਹੋਰ ਘਟਨਾਵਾਂ ਦੀ ਵਰਤੋਂ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਦਰਾਰ ਪੈਦਾ ਕਰਨ ਲਈ ਕਰ ਰਹੇ ਹਨ, ਜਦੋਂ ਕਿ ਅਸਲ ਦੋਸ਼ੀ ਕਾਂਗਰਸ ਪਾਰਟੀ ਦੀ ਆਲੋਚਨਾ ਕੀਤੀ ਜਾਣੀ ਚਾਹੀਦੀ ਸੀ। ਉਨ੍ਹਾਂ ਲੋਕਾਂ ਨੂੰ ਭਾਰਤ ਅਤੇ ਭਾਜਪਾ ਆਗੂਆਂ ਵਿਰੁੱਧ ਖਾਲਿਸਤਾਨ ਪੱਖੀ ਲੋਕਾਂ ਵੱਲੋਂ ਬਣਾਈਆਂ ਜਾ ਰਹੀਆਂ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਝੂਠੀ ਬਿਰਤਾਂਤ ਤੋਂ ਸਾਵਧਾਨ ਰਹਿਣ ਲਈ ਕਿਹਾ।

ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਖ ਭਾਈਚਾਰੇ ਲਈ ਅਣਥੱਕ ਮਿਹਨਤ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਪੰਥਕ ਸਟੇਜ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਮਸੀਹਾ ਦਾ ਦਰਜਾ ਦੇ ਕੇ 'ਕੌਮੀ ਸੇਵਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਲਈ ਜੋ ਕੰਮ ਕੀਤਾ ਹੈ ਉਹ ਪਿਛਲੇ 70 ਸਾਲਾਂ ਵਿੱਚ ਵੀ ਕਿਸੇ ਨੇ ਨਹੀਂ ਕੀਤਾ। ਉਨ੍ਹਾਂ ਨੇ ਸਰਕਾਰੀ ਪੱਧਰ 'ਤੇ ਗੁਰੂਆਂ ਦੀ ਸ਼ਤਾਬਦੀ ਮਨਾਈ, ਕਰਤਾਰਪੁਰ ਲਾਂਘਾ ਬਣਾਇਆ ਅਤੇ ਹੁਣ ਉਹ ਸ੍ਰੀ ਹੇਮਕੁੰਟ ਸਾਹਿਬ ਲਈ ਰੋਪਵੇਅ ਬਣਾ ਕੇ ਸਿੱਖਾਂ ਨੂੰ ਤੋਹਫ਼ਾ ਦੇ ਰਹੇ ਹਨ। ਵੀਰ ਬਾਲ ਦਿਵਸ 'ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ, ਬੰਦੀ ਸਿੰਘਾਂ ਦੀ ਰਿਹਾਈ, ਕਾਲੀ ਸੂਚੀ ਖ਼ਤਮ ਕਰਨਾ, ਬਲੂ ਸਟਾਰ ਆਪ੍ਰੇਸ਼ਨ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਐਲਾਨਣਾ, 84 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਭੇਜਣਾ, ਕਤਲੇਆਮ ਦੇ ਪੀੜਤਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਅਤੇ ਹੁਣ 250 ਪਰਿਵਾਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਜੋਧਪੁਰ ਦੇ ਕੈਦੀਆਂ ਨੂੰ ਮੁਆਵਜ਼ਾ ਦਿੱਤਾ ਗਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਅਫਗਾਨਿਸਤਾਨ ਤੋਂ ਵਾਪਸ ਲਿਆਂਦੇ ਗਏ, ਅਫਗਾਨਿਸਤਾਨ ਦੇ ਸਿੱਖਾਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਗਈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਭਾਰਤ ਵਿਰੁੱਧ ਵੱਖਵਾਦੀ ਆਵਾਜ਼ ਉਠਾਉਣ ਵਾਲਿਆਂ ਲਈ ਸੁਰੱਖਿਅਤ ਪਨਾਹਗਾਹ ਬਣ ਗਏ ਹਨ, ਜਦੋਂ ਕਿ ਖਾਲਿਸਤਾਨੀਆਂ ਦਾ ਭਾਰਤ ਅਤੇ ਪੰਜਾਬ ਵਿੱਚ ਕੋਈ ਸਮਰਥਨ ਨਹੀਂ ਹੈ। ਬਹੁਤੇ ਸਿੱਖਾਂ ਦਾ ਖਾਲਿਸਤਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਪੰਜਾਬ ਸਰਕਾਰ ਦੇ ਇਤਿਹਾਸਕ ਉਪਰਾਲਿਆਂ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਮਾਰ ਰਹੇ ਨੇ ਵੱਡੀਆਂ ਮੱਲ੍ਹਾਂ : ਸ਼ੈਰੀ ਕਲਸੀ




**ਲੁਧਿਆਣਾ ( ਰਣਜੀਤ ਸਿੰਘ ਪੇਧਨੀ )**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜਬੂਤ ਕਰਨ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਇਤਿਹਾਸਕ ਉਪਰਾਲਿਆਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਸਰਕਾਰੀ ਸਕੂਲਾਂ ਦੇ ਵਿਦਿਆਰਥੀ ਵੱਖ-ਵੱਖ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੱਡੀਆਂ ਮੱਲ੍ਹਾਂ ਮਾਰ ਕੇ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ 'ਤੇ ਸਫਲਤਾ ਦੀ ਮੋਹਰ ਲਗਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਪੰਜਾਬ ਦੇ ਉਪ ਪ੍ਰਧਾਨ ਸੈਰੀ ਕਲਸੀ ਨੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਸਰਵਪੱਖੀ ਵਿਕਾਸ ਹੋ ਰਿਹਾ ਹੈ ਅਤੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਵਾ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ। ਇਸ ਮੌਕੇ ਹਰਵਿੰਦਰ ਸਿੰਘ ਸੋਹੀ, ਨੰਬਰਦਾਰ ਰਜਿੰਦਰ ਸਿੰਘ ਪੇਧਨੀ ਹਾਜਰ ਸਨ।

### ਇੰਦਰਪ੍ਰੀਤ ਸਿੰਘ ਕੌਛੜ ਮਨੁੱਖਤਾ ਲਈ ਕੀਤੀਆਂ ਗਈਆਂ ਸੇਵਾਵਾਂ ਸਦਕਾ

# ਗੁਰਦਵਾਰਾ ਸਿੰਘ ਸਭਾ ਸਾਊਥਹਾਲ ਪ੍ਰਬੰਧਕਾਂ ਵਲੋਂ ਹੋਏ ਸਨਮਾਨਿਤ




**ਨਵੀਂ ਦਿੱਲੀ 17 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਕੋ ਚੇਅਰਮੈਨ ਅਤੇ ਮੈਂਬਰ ਇੰਦਰਪ੍ਰੀਤ ਸਿੰਘ ਕੌਛੜ ਨੂੰ ਯੂਕੇ ਪਹੁੰਚਣ ਤੇ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਗੁਰਦਵਾਰਾ ਸਿੰਘ ਸਭਾ ਪਾਰਕ ਅਵਨਿਊ ਸਾਊਥਹਾਲ ਲੰਡਨ ਵਿਖ਼ੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਕਰਵਾਏ ਜਾ ਰਹੇ ਸਮਾਗਮ ਵਿਚ ਸਨਮਾਨਿਤ ਕੀਤਾ ਗਿਆ । ਇਸ ਬਾਰੇ ਉਨ੍ਹਾਂ ਗੱਲਬਾਤ ਕਰਦਿਆਂ ਦਸਿਆ ਕਿ ਗੁਰਦਵਾਰਾ ਸਿੰਘ ਸਭਾ ਪਾਰਕ ਅਵਨਿਊ ਸਾਊਥਹਾਲ ਲੰਡਨ ਦੇ ਪ੍ਰਬੰਧਕਾਂ ਨੂੰ ਉਨ੍ਹਾਂ ਦੇ ਯੂਕੇ ਪਹੁੰਚਣ ਤੇ ਵਿਸ਼ੇਸ਼ ਤੌਰ ਸਦਾ ਦੇ ਕੇ ਗੁਰੂਘਰ ਵਿਚ ਹਾਜਰੀ ਭਰਣ ਲਈ ਕਿਹਾ ਗਿਆ ਅਤੇ ਪ੍ਰਬੰਧਕਾਂ ਨੂੰ ਉਨ੍ਹਾਂ ਬਾਰੇ ਅਤੇ ਉਨ੍ਹਾਂ ਵਲੋਂ ਮਨੁੱਖਤਾ ਲਈ ਕੀਤੀ ਗਈ ਸੇਵਾਵਾਂ ਅਤੇ ਮੌਜੂਦਾ ਚਲ ਰਹੀ ਸੇਵਾਵਾ ਨੂੰ ਮੁੱਖ ਰੱਖਦੇ ਹੋਇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਸਨਮਾਨਿਤ ਕੀਤਾ ਗਿਆ । ਇਸ ਮੌਕੇ ਉਨ੍ਹਾਂ ਨੂੰ ਸੰਗਤਾ ਨਾਲ ਰੁਬਰੂ ਹੋਣ ਦਾ ਮੌਕਾ ਵੀ ਮਿਲਿਆ ਜਿਸ ਵਿਚ ਉਨ੍ਹਾਂ ਨੇ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿਤੀਆਂ ਅਤੇ ਦਿੱਲੀ ਕਮੇਟੀ ਵਲੋਂ ਕੀਤੀਆਂ ਜਾਂ ਰਹੀਆਂ ਸੇਵਾਵਾਂ ਅਤੇ ਪ੍ਰਚਾਰ ਪ੍ਰਸਾਰ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਉਨ੍ਹਾਂ ਨੇ ਵਿਦੇਸ਼ ਦੀ ਧਰਤੀ ਤੇ ਗੁਰੂਘਰ ਅਤੇ ਗੁਰੂਬਾਣੀ ਨਾਲ ਜੁੜੇ ਰਹਿਣ ਲਈ ਪ੍ਰਬੰਧਕਾਂ ਅਤੇ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ । ਜਿਕਰਯੋਗ ਹੈ ਕਿ ਸਾਊਥ ਹਾਲ ਦਾ ਗੁਰਦੁਆਰਾ ਸਿੰਘ ਸਭਾ ਪੂਰੇ ਯੌਰਪ ਅਤੇ ਇੰਗਲੈਂਡ ਦੀ ਸਿਰਮੌਰ ਸਿੰਘ ਸਭਾਵਾਂ ਵਿੱਚੋ ਇਕ ਗੁਰੂਘਰ ਹੈ ਇਸ ਗੁਰੂਘਰ ਅੰਦਰ ਹਰ ਰੋਜ਼ ਵੱਡੀ ਗਿਣਤੀ ਵਿਚ ਸੰਗਤਾ ਨਤਮਸਤਕ ਹੁੰਦਿਆਂ ਹਨ । ਇੰਦਰਪ੍ਰੀਤ ਸਿੰਘ ਕੌਛੜ ਵਲੋਂ ਕਰੋਨਾ ਕਾਲ ਵਿਚ ਮਨੁੱਖਤਾ ਲਈ ਕੀਤੀਆ ਗਈਆ ਸੇਵਾ ਉਪਰੰਤ ਦਿੱਲੀ ਦੇ ਵੱਖ ਵੱਖ ਇਲਾਕਿਆਂ ਅੰਦਰ ਦਿੱਲੀ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਪ੍ਰਚਾਰ ਵਾਸਤੇ ਕਰਵਾਏ ਜਾ ਰਹੇ ਪ੍ਰੋਗਰਾਮਾਂ ਰਾਹੀਂ ਵਡੀ ਗਿਣਤੀ ਵਿਚ ਸੰਗਤਾਂ ਨੂੰ ਗੁਰੂਬਾਣੀ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

### ਪਾਣੀ ਅਤੇ ਲੇਬਰ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ

# ਇੱਕ ਲਾਹੇਵੰਦ ਤਕਨੀਕ : ਡਾ. ਅਸ਼ੋਕ ਕੁਮਾਰ



ਸੰਗਰੂਰ ( ਰਣਜੀਤ ਸਿੰਘ ਪੇਧਨੀ ) - ਦਿਨੋ-ਦਿਨ ਘਟ ਰਹੇ ਕੁਦਰਤੀ ਸਰੋਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਨ੍ਹਾ ਕੱਦੂ ਕੀਤੇ ਝੋਨੇ ਜਾਂ ਬਾਸਮਤੀ ਦੀ ਸਿੱਧੀ ਬਿਜਾਈ ਇੱਕ ਲਾਹੇਵੰਦ ਤਕਨੀਕ ਹੈ ਜਿਸ ਨਾਲ 10-20% ਪਾਣੀ ਦੀ ਬੱਚਤ, ਲੇਬਰ ਦੀ ਬੱਚਤ, ਬਿਮਾਰੀ ਅਤੇ ਕੀੜੇ-ਮਕੌੜਿਆਂ ਦੇ ਘੱਟ ਹਮਲੇ ਦੇ ਨਾਲ-ਨਾਲ ਅਗਲੀ ਕਣਕ ਦੀ ਫਸਲ ਦਾ ਵੀ ਢਾਈ ਮਣ ਝਾੜ ਪ੍ਰਤੀ ਏਕੜ ਵੀ ਜਿਆਦਾ ਲਿਆ ਜਾ ਸਕਦਾ ਹੈ। ਇਹਨਾਂ ਫਾਇਦਿਆਂ ਨੂੰ ਦੂਜੇ ਕਿਸਾਨਾਂ ਤੱਕ ਪਹੁੰਚਾਉਣ ਦੇ ਮੰਤਵ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਨੇ ਪਿੰਡ ਸੰਗਤਪੁਰਾ ਨੇੜੇ ਲਹਿਰਾਗਾਗਾ, ਵਿਖੇ ਝੋਨੇ ਦੀ ਸਿੱਧੀ ਬਿਜਾਈ ਬਾਰੇ ਜਾਗਰੂਕਤਾ ਕੈਂਪ ਲਗਾਇਆ। ਇਸ ਕੈਂਪ ਵਿੱਚ 60 ਤੋਂ ਵੀ ਵੱਧ ਕਿਸਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਕੈਂਪ ਦੀ ਸ਼ੁਰੂਆਤ ਵਿੱਚ ਡਾ. ਅਸ਼ੋਕ ਕੁਮਾਰ, ਜਿਲ੍ਹਾ ਪਸਾਰ ਵਿਗਿਆਨੀ ਅਤੇ ਇੰਚਾਰਜ, ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਨੇ ਪਿੰਡਾਂ ਦੇ ਅਗਾਂਹਵਧੂ ਕਿਸਾਨ ਸ. ਸੁਖਤਾਰ ਸਿੰਘ, ਹਰਪਾਲ ਸਿੰਘ (ਸਰਪੰਚ), ਸੁੱਖਚੰਦ ਸਿੰਘ (ਸਾਬਕਾ ਸਰਪੰਚ), ਗੁਰਵਿੰਦਰ ਸਿੰਘ, ਗੋਬਿੰਦਰ ਸਿੰਘ, ਪਰਮਿੰਦਰ ਸਿੰਘ, ਜਗਸੀਰ ਸਿੰਘ, ਰਣਜੀਤ ਸਿੰਘ ਆਦਿ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਸ. ਸੁਖਤਾਰ ਸਿੰਘ ਨੇ ਸਿੱਧੀ ਬਿਜਾਈ ਤਕਨੀਕ ਨਾਲ 16 ਕਿੱਲਿਆਂ ਤੇ ਬੀਜੀ ਪੰਜਾਬ ਬਾਸਮਤੀ 7 ਕਿਸਮ ਦੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਕਿਸਾਨਾਂ ਨੂੰ ਇਸ ਵਿਧੀ ਨੂੰ ਅਪਣਾਉਣ ਨਾਲ ਪਾਣੀ ਦੀ ਬੱਚਤ, ਲੇਬਰ ਦੀ ਬੱਚਤ ਅਤੇ ਹੋਰ ਫਾਇਦਿਆਂ ਬਾਰੇ ਵਿਸਥਾਰ ਨਾਲ ਦੱਸਿਆ। ਡਾ. ਅਸ਼ੋਕ ਕੁਮਾਰ ਨੇ ਕਿਸਾਨਾਂ ਨੂੰ ਮਿੱਟੀ ਪਰਖ ਆਧਾਰ ਤੇ ਖਾਦਾਂ ਦੀ ਸੰਤੁਲਿਤ ਵਰਤੋਂ, ਸਿੱਧੇ ਝੋਨੇ ਵਿੱਚ ਖੁਰਾਕੀ ਤੱਤਾਂ ਦੀ ਘਾਟ ਅਤੇ ਉਨ੍ਹਾਂ ਦੀ ਪੂਰਤੀ, ਨਦੀਨਾਂ ਦੀ ਸਮੱਸਿਆ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਸਾਨਾਂ ਨੂੰ ਛੋਟੇ ਤੱਤ ਖਾਸ ਤੌਰ ਤੇ ਜ਼ਿੰਕ ਦੀ ਪੂਰੀ ਸਿਫਾਰਿਸ਼ ਮਾਤਰਾ ਪਾਉਣ ਲਈ ਵੀ ਕਿਹਾ। ਕਿਸਾਨਾਂ ਨੂੰ ਸਿੱਧੀ ਬਿਜਾਈ ਲਈ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਸਿਫਾਰਿਸ਼ ਕਿਸਮਾਂ, ਬਿਜਾਈ ਦੇ ਢੰਗ, ਨਦੀਨਾਂ ਦੀ ਸਹੀ ਰੋਕਥਾਮ ਅਤੇ ਸਿੰਚਾਈ ਬਾਰੇ ਵੀ ਤਰਤੀਬਬੱਧ ਤਰੀਕੇ ਨਾਲ ਦੱਸਿਆ ਗਿਆ। ਕਿਸਾਨਾਂ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵੀ ਤਸੱਲ਼ੀਬਖਸ਼ ਦਿੱਤੇ ਗਏ। ਕੈਂਪ ਦੌਰਾਨ ਖੇਤੀ ਸਾਹਿਤ, ਧਾਤਾਂ ਦਾ ਚੂਰਾ, ਪਸ਼ੂ ਚਾਟ ਅਤੇ ਬਾਈਪਾਸ ਫੈਟ ਆਦਿ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਕੈਂਪ ਦੀ ਸਮਾਪਤੀ ਤੇ ਸ. ਸੁਖਤਾਰ ਸਿੰਘ ਦੇ ਸਿੱਧੀ ਬਿਜਾਈ ਵਾਲੇ ਖੇਤਾਂ ਦਾ ਦੌਰਾ ਵੀ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੌਕੇ ਤੇ ਹੀ ਨਦੀਨ ਪ੍ਰਬੰਧਨ ਲਈ ਨੌਮਨੀਗੋਲਡ ਅਤੇ ਨੌਵਲੈੱਟ ਨਦੀਨ ਨਾਸ਼ਕ ਵੀ ਪ੍ਰਦਰਸ਼ਨੀ ਦੇ ਤੌਰ ਤੇ ਦਿੱਤੇ ਗਏ।



ਆਵਾਜ਼ਿ ਕੌਮ AWAZE QAUM International Newspaper & WEB TV

# ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਮਨਾਏਗੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸਮਾਗਮ



**ਨਵੀਂ ਦਿੱਲੀ, 17 ਜੂਨ (ਮਨਪ੍ਰੀਤ ਸਿੰਘ ਖਾਲਸਾ):** ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਸ਼ਿਸ਼ਟਾਚਾਰ ਭੇਟ ਕੀਤੀ, ਜਿਸ ਵਿੱਚ ਸਿੱਖ ਮਸਲਿਆਂ ਦੇ ਹੱਲ ਨਾਲ ਨਾਲ ਗੁਰੂ ਤੇਗ ਬਹਾਦਰ ਜੀ ਦੇ 350ਵੀਂ ਸ਼ਹੀਦੀ ਸਮਾਗਮ ਮੌਕੇ ਕਈ ਕਾਰਜਕ੍ਰਮ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਕਰਨ 'ਤੇ ਵਿਚਾਰ-ਵਟਾਂਦਰਾ ਹੋਇਆ। ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਤਖ਼ਤ ਪਟਨਾ ਸਾਹਿਬ ਕੋਰੀਡੋਰ ਦੇ ਕੰਮ ਨੂੰ ਜਲਦ ਸ਼ੁਰੂ ਕਰਨ ਅਤੇ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਪੁਰਬ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਮਨਾਉਣ 'ਤੇ ਵਿਚਾਰ ਹੋਇਆ, ਜਿਸਨੂੰ ਮੁੱਖ ਮੰਤਰੀ ਨੇ ਤੁਰੰਤ ਮਨਜ਼ੂਰੀ ਦੇ ਦਿੱਤੀ। ਉਨ੍ਹਾਂ ਦੱਸਿਆ ਕਿ ਅਗਸਤ ਮਹੀਨੇ ਵਿੱਚ ਇੱਕ ਵਿਸ਼ਾਲ ਨਗਰ ਕੀਰਤਨ ਦੀ ਸ਼ੁਰੂਆਤ ਤਖ਼ਤ ਪਟਨਾ ਸਾਹਿਬ ਤੋਂ ਹੋਵੇਗੀ, ਜਿਸਦੀ ਸਾਰੀ ਵਿਵਸਥਾ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਦੇਖ-ਰੇਖ ਹੇਠ ਬਿਹਾਰ ਦਾ ਟੂਰਿਜ਼ਮ ਵਿਭਾਗ ਕਰੇਗਾ। ਉਨ੍ਹਾਂ ਦੱਸਿਆ ਕਿ ਇਹ ਯਾਤਰਾ ਬਿਹਾਰ, ਉੱਤਰ ਪ੍ਰਦੇਸ਼ ਰਾਹੀਂ ਦਿੱਲੀ ਅਤੇ ਫਿਰ ਪੰਜਾਬ ਜਾਏਗੀ। ਜਿਸ ਵਿੱਚ ਪੰਜਾਬ ਦੀਆਂ ਕੁਝ ਧਾਰਮਿਕ ਜਥੇਬੰਦੀਆਂ ਦਾ ਵੀ ਸਹਿਯੋਗ ਲਿਆ ਜਾਵੇਗਾ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਬਿਹਾਰ ਤੋਂ ਯਾਤਰਾ ਰਵਾਨਾ ਕਰਨ ਤੋਂ ਬਾਅਦ ਦਿੱਲੀ ਅਤੇ ਪੰਜਾਬ ਵਿੱਚ ਵੀ ਮੌਜੂਦ ਰਹਿਣਗੇ ਅਤੇ ਯਾਤਰਾ ਦਾ ਸਵਾਗਤ ਕਰਨਗੇ।

ਉਨ੍ਹਾਂ ਦੱਸਿਆ ਕਿ ਜਲਦ ਹੀ ਬਿਹਾਰ ਸਰਕਾਰ ਦੇ ਸੰਬੰਧਤ ਅਧਿਕਾਰੀਆਂ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਬੰਧਕਾਂ ਵਿਚਕਾਰ ਯਾਤਰਾ ਦੇ ਰੂਪ-ਰੇਖਾ ਨੂੰ ਲੈ ਕੇ ਮੀਟਿੰਗਾਂ ਦਾ ਦੌਰ ਸ਼ੁਰੂ ਹੋਵੇਗਾ। ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਮੁੱਖ ਮੰਤਰੀ ਨਾਲ ਹੋਈ ਭੇਟ ਦੌਰਾਨ ਤਖ਼ਤ ਪਟਨਾ ਸਾਹਿਬ ਨਾਲ ਜੁੜੇ ਹੋਰ ਕਈ ਸਿੱਖ ਮਸਲਿਆਂ 'ਤੇ ਵੀ ਗੱਲਬਾਤ ਹੋਈ, ਜਿਨ੍ਹਾਂ ਨੂੰ ਤਰਜੀਹ ਦੇ ਕੇ ਹੱਲ ਕਰਨ ਦਾ ਭਰੋਸਾ ਮੁੱਖ ਮੰਤਰੀ ਨੇ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਡਿਪਟੀ ਕਮਿਸ਼ਨਰ ਨੇ ਰਾਵੀ ਦਰਿਆ ਦੇ ਨਾਲ ਲੱਗਦੇ ਖੇਤਰਾਂ ਦਾ ਕੀਤਾ ਦੌਰਾ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਕੀਤੇ ਜਾਣਗੇ ਯੋਗ ਪ੍ਰਬੰਧ ਡਿਪਟੀ ਕਮਿਸ਼ਨਰ

ਜੰਡਿਆਲਾ ਗੁਰੂ 17 ਜੂਨ: ( ਕੁਲਵੰਤ ਸਿੰਘ ਵਿਰਦੀ ) ਆ ਰਹੇ ਬਰਸਾਤ ਦੇ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਵੱਲੋਂ ਅੱਜ ਸਬੰਧਤ ਅਧਿਕਾਰੀਆਂ ਨੂੰ ਨਾਲ ਲੈ ਕੇ ਰਾਵੀ ਦਰਿਆ ਨਾਲ ਲੱਗਦੇ ਵੱਖ-ਵੱਖ ਪੋਸਟਾਂ ਦਾ ਦੌਰਾ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ੍ਹਾਂ ਦੇ ਸੰਭਾਵੀ ਖਤਰੇ ਨੂੰ ਦੇਖਦਿਆਂ ਹੋਇਆਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਸਬੰਧਤ ਅਧਿਕਾਰੀਆਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿੰਨਾਂ ਥਾਵਾਂ ਤੇ ਹੜ੍ਹਾਂ ਦਾ ਜਿਆਦਾ ਖਤਰਾ ਹੈ ਉਥੇ ਮੁਰੰਮਤ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰਸਾਸ਼ਨ ਵੱਲੋਂ ਪੂਰੇ ਇੰਤਜਾਮ ਕੀਤੇ ਜਾ ਰਹੇ ਹਨ ਅਤੇ ਹੜ੍ਹਾਂ ਦੇ ਸੰਭਾਵੀ ਖਤਰੇ ਨੂੰ ਦੇਖਦਿਆਂ ਹੋਇਆਂ ਨਵੀਆਂ ਬੇੜੀਆਂ ਦੀ ਖਰੀਦ ਅਤੇ ਪੁਰਾਣੀਆਂ ਬੇੜੀਆਂ ਦੀ ਮੁਰੰਮਤ ਵੀ ਕਰਵਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਦੱਸਿਆ ਕਿ ਉਹ ਅੱਜ ਵਿਸ਼ੇਸ਼ ਤੌਰ ਤੇ ਵੇਖਣ ਆਏ ਹਨ ਕਿ ਕਿਹੜੀਆਂ ਡਰੇਨਾਂ ਦੀ ਮੁਰੰਮਤ ਪਹਿਲ ਦੇ ਆਧਾਰ ਤੇ ਤੁਰੰਤ ਕੀਤੀ ਜਾਣੀ ਬਣਦੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਮੁਸ਼ਿਕਲ ਤੋਂ ਬਚਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕਿਆਂ ਵਿਚ ਹੜ੍ਹ ਦੀ ਸਥਿਤੀ ਨਾਲ ਨਿਪਟਣ ਲਈ ਅਧਿਕਾਰੀਆਂ ਦੀਆਂ ਪਿੰਡ ਪੱਧਰ ਉਤੇ ਡਿਊਟੀਆਂ ਲਗਾਉਣ, ਲੋਕਾਂ ਨੂੰ ਸੁੱਰਖਿਅਤ ਥਾਵਾਂ ਤੇ ਲਿਜਾਣ, ਉਨਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਨ ਅਤੇ ਪਸ਼ੂਆਂ ਦੇ ਚਾਰੇ ਆਦਿ ਦਾ ਪ੍ਰਬੰਧ ਕਰਨ ਲਈ ਤਿਆਰ ਰਹਿਣ ਵਾਸਤੇ ਵੀ ਕਿਹਾ। ਸ਼੍ਰੀਮਤੀ ਸਾਹਨੀ ਨੇ ਕਿਹਾ ਕਿ ਉਹ ਵੱਖ-ਵੱਖ ਵਿਭਾਗਾਂ ਵੱਲੋਂ ਕਰਵਾਏ ਜਾ ਰਹੇ ਪ੍ਰਬੰਧਾਂ ਦਾ ਖੁਦ ਮੌਕੇ ਉਤੇ ਜਾ ਕੇ ਨਿਰੀਖਣ ਕਰਨਗੇ ਅਤੇ ਕਿਸੇ ਵੀ ਕੰਮ ਵਿਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਰੇਨਾਂ ਅਤੇ ਨਾਲਿਆਂ ਦੀ ਕੀਤੀ ਜਾ ਰਹੀ ਸਫਾਈ ਕੇਵਲ ਖਾਨਾਪੂਰਤੀ ਨਾ ਹੋਵੇ, ਇਸ ਲਈ ਸਬੰਧਤ ਵਿਭਾਗ ਠੇਕੇਦਾਰਾਂ ਉਤੇ ਬਰਾਬਰ ਨਿਗ੍ਹਾ ਰੱਖਣ। ਉਨਾਂ ਕਿਹਾ ਕਿ ਉਕਤ ਕੰਮ ਜੇਕਰ ਧਿਆਨ ਨਾਲ ਕਰ ਦਿੱਤਾ ਜਾਵੇ ਤਾਂ ਹੜ੍ਹਾਂ ਨਾਲ ਹੋਣ ਵਾਲਾ ਵੱਡਾ ਖ਼ਤਰਾ ਟਾਲਿਆ ਜਾ ਸਕਦਾ ਹੈ। ਇਸ ਮੌਕੇ ਐਸਡੀਐਮ ਰਵਿੰਦਰ ਸਿੰਘ ਅਰੋੜਾ ਐਕਸੀਅਨ ਗੁਰਬੀਰ ਸਿੰਘ ਤਹਿਸੀਲਦਾਰ ਰਮਦਾਸ ਮੈਡਮ ਇੰਦਰਜੀਤ ਕੌਰ ਡੀਡੀਪੀਓ ਸੰਦੀਪ ਮਲੋਤਰਾ ਤੋ ਇਲਾਵਾ ਸਿਵਲ ਪ੍ਰਸ਼ਾਸਨ ਅਤੇ ਬੀ ਐਸ ਐਫ ਦੇ ਉੱਚ ਅਧਿਕਾਰੀ ਹਾਜ਼ਰ ਸਨ।





ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਹਰਦੀਪ ਸਿੰਘ ਨਿੱਜਰ ਦੀ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼: ਗੁਰਮੀਤ ਸਿੰਘ ਤੂਰ

# ਜਦੋ ਤਕ ਸ਼ਹੀਦਾਂ ਦੇ ਵਾਰਸ ਤੇ ਜਿਉਂਦੀਆਂ ਜ਼ਮੀਰਾਂ ਵਾਲੇ ਜਿਉਂਦੇ ਹਨ ਰੋਸ ਮੁਜਾਹਿਰੇ ਬੰਦ ਨਹੀਂ ਹੋਣਗੇ

ਨਵੀਂ ਦਿੱਲੀ 17 ਜੂਨ (ਮਨਪ੍ਰੀਤ ਸਿੰਘ ਖਾਲਸਾ):- ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਸਿੱਖ ਫਲਸਫੇ ਅਤੇ ਸਿੱਖੀ ਦੇ ਬੋਲਬਾਲੇ ਦੀ ਚੜਦੀ ਕਲਾ ਲਈ ਹੋਈ ਹੈ ਜਿਸਨੇ ਹਿੰਦੂ ਤਖਤ ਦੀਆਂ ਜੜਾਂ ਹਲਾਕੇ ਰੱਖ ਦਿੱਤੀਆਂ ਹਨ । ਸਰੀ ਡੇਲਟਾ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ ਜਿਨ੍ਹਾਂ ਨੂੰ ਪ੍ਰਬੰਧਕ ਕਮੇਟੀ ਵਲੋਂ ਹਿੰਦ ਸਰਕਾਰ ਨਾਲ ਮਿਲਵਰਤਣ ਕਰਦਿਆਂ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਬੋਲਣ ਲਈ ਪਾਬੰਦੀ ਲਗਾਈ ਹੋਈ ਹੈ ਤੇ ਇਸ ਦੀ ਕੋਈ ਵਜਹ ਵੀਂ ਨਹੀਂ ਦਸ ਰਹੇ ਹਨ ਨੇ ਕਿਹਾ ਕਿ ਸਿੱਖ ਰਾਜ ਖਾਲਿਸਤਾਨ ਬਣਨ ਵੱਲ ਵਧਦੇ ਕਦਮਾਂ ਤੋਂ ਭੈਭੀਤ ਭਾਰਤੀ ਤੰਤਰ ਤੇ ਓਹਨਾਂ ਦੇ ਕਰਿੰਦੇ ਕਹਿੰਦੇ ਹਨ ਕਿ ਹਿੰਦ ਸਰਕਾਰ ਵਿਰੁੱਧ ਮੁਜਾਹਿਰੇ ਬੰਦ ਕਰ ਦਿਓ, ਤਿਰੰਗਾ ਨਾ ਸਾੜੋ ਬੇਅਦਬੀ ਹੁੰਦੀ ਹੈ ਤੇ ਭਾਈਚਾਰਾ ਨਿਰਾਸ਼ ਹੁੰਦਾ, ਦੂਜੇ ਭਾਈਚਾਰਿਆ ਦੇ ਲੋਕ ਨਰਾਜ ਹੁੰਦੇ ਹਨ ਅਤੇ ਕਾਰੋਬਾਰਾਂ ਤੇ ਮਾੜਾ ਅਸਰ ਪੈਂਦਾ ਹੈ । ਉਨ੍ਹਾਂ ਕਿਹਾ ਕਿ ਅਸੀਂ ਬਾਬੇ ਨਾਨਕ ਸਾਹਿਬ ਜੀ ਦੇ ਫਲਸਫੇ ਨੂੰ ਮੰਨਣ ਵਾਲੇ ਲੋਕ ਜਿਹਨਾਂ ਕਿਹਾ ਸੀ ਸਮੇਂ ਦੀ ਹਕੂਮਤ ਨੂੰ ਵੰਗਾਰ ਪਾਉਂਦਿਆਂ ਕਿਹਾ ਰਾਜੇ ਸ਼ੀਹ ਮੁਕੱਦਮ ਕੁੱਤੇ, ਏਤੀ ਮਾਰ ਪਈ ਕੁਰਲਾਣੇ ਤੈਂਕੀ ਦਰਦ ਨ ਆਇਆ, ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕੋ ਖਾਈ ।



ਕਿ ਅਸੀਂ ਇੰਨ੍ਹਾ ਗੁਰਵਾਕਾਂ ਤੋਂ ਮੁਨਕਰ ਹੋ ਰਹੇ ਹਾਂ ਜਾ ਸਾਡੀ ਜਮੀਰਾਂ ਗਿਰਵੀ ਪੈ ਗਈਆਂ ਹਨ ? ਸ੍ਰੀ ਦਰਬਾਰ ਸਾਹਿਬ ਅਤੇ ਤਖਤ ਸ੍ਰੀ ਕੇਸਗੜ ਸਾਹਿਬ ਵਿੱਚ ਅੰਦਰ ਵੜ ਵੜ ਕੇ ਕੀਤੀ ਜਾ ਰਹੀ ਬੇਅਦਬੀ, ਡੇਰਾਵਾਦੀਆਂ ਵੱਲੋਂ ਧੱਕੇ ਸ਼ਾਹੀ, ਸਰਕਾਰਾਂ ਵੱਲੋਂ ਰਾਮ ਰਹਿਮ ਵਰਗੇ ਅਤਿ ਗੰਭੀਰ ਅਪਰਾਧੀਆਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਚੰਗੇ ਚਰਿੱਤਰ ਅਧੀਨ ਪੈਰੋਲਾਂ, ਇਸ ਦੇ ਉਲਟ ਏਅਰਪੋਰਟਾਂ ਤੇ ਕੰਮ ਕਰਨ ਵਾਲਿਆਂ ਤੇ ਕਿਰਪਾਨ ਤੇ ਪਾਬੰਦੀ, ਰਾਜ ਕਰੇਗਾ ਖਾਲਸਾ ਦੋਹਰਾ ਪੜਨ ਤੇ ਪਾਬੰਦੀ, ਕੈਨੇਡਾ ਵਰਗੇ ਦੇਸ਼ ਜਿੱਥੇ ਕਾਨੂੰਨ ਦਾ ਰਾਜ ਹੈ ਓਥੇ ਗੁਰਦੁਆਰਾ ਸਾਹਿਬ ਦੇ ਵਿੱਚ ਆਕੇ ਦਿਨ-ਦਿਹਾੜੇ ਬੰਦਾ ਭਾਈ ਹਰਦੀਪ ਸਿੰਘ ਨਿਝਰ ਨੂੰ ਸ਼ਹੀਦ ਕਰ ਦਿੱਤਾ ਗਿਆ, ਦੋਸ਼ੀ ਬੰਦੇ ਫੜੇ ਗਏ ਇਸ ਵਿਚ ਇੰਡੀਅਨ ਸਰਕਾਰ ਦਾ ਇਨਵਾਲਵ ਹੋਣਾ ਸਾਬਤ ਹੋ ਗਿਆ, ਕੌਂਸਲੇਟ ਬਦਲ ਅਤੇ ਕਢ ਦਿੱਤੇ ਗਏ, ਰਿਸ਼ਤੇ ਖਰਾਬ ਕਰ ਲਏ ਬਾਵਜੂਦ ਟਰੂਡੋ ਨੇ ਪਾਰਲੀਮੈਂਟ ਦੀ ਫ਼ਲੋਰ ਤੇ ਖੜਕੇ ਪੂਰੀ ਦੁਨੀਆ ਸਾਹਮਣੇ ਕਹਿ ਦਿਤਾ ਕਿ ਸਿੱਖਾਂ ਦੀ ਕਾਤਲ ਹਿੰਦੂ ਸਟੇਟ ਤੇ ਉਹਨਾਂ ਦੀਆਂ ਇਜੰਸੀਆਂ ਹਨ । ਓਹਨਾਂ ਵੱਲੋ ਖਰੀਦੇ ਹੋਏ ਭਾੜੇ ਦੇ ਕਾਤਲ ਹਨ ਭਾਵੇਂ ਦੇਖਣ ਨੂੰ ਸਿੱਖ ਲੱਗਣ ਪਰ ਓਹ ਲੋਕ ਅੰਦਰੋਂ ਸਿੱਖੀ ਫਲਸਫੇ ਦੇ ਪੱਕੇ ਵੈਰੀ ਹਨ । ਉਨ੍ਹਾਂ ਕਿਹਾ ਕੀ ਸਿੱਖ ਚੁੱਪ ਬੈਠ ਜਾਣ ਕਿ ਇਹ ਸਾਰਾ ਕੁਝ ਠੀਕ ਹੈ ? ਪਰ ਗੈਰਤਮੰਦ ਸਿੱਖ ਮੁਜਾਹਰਾ, ਰੋਸ ਪ੍ਰਦਰਸ਼ਨ, ਭਾਰਤੀ ਐਂਬੇਸੀ ਮੂਹਰੇ ਝੰਡਾ ਸ਼ਾੜਨਾ ਵਗੈਰਾ ਕਰਣ ਤੋਂ ਜਿਨ੍ਹਾਂ ਮਰਜੀ ਜ਼ੋਰ ਲਗ ਜਾਏ ਇਹ ਉਦੋਂ ਤਕ ਨਹੀਂ ਹੱਟਣਾ ਜਿਨ੍ਹਾਂ ਚਿਰ ਸ਼ਹੀਦਾਂ ਦੇ ਵਾਰਸ ਤੇ ਜਿਉਂਦੀਆਂ ਜ਼ਮੀਰਾਂ ਵਾਲੇ ਜਿਉਂਦੇ ਹਨ ਅਤੇ ਸਾਨੂੰ ਇੰਨਸਾਫ ਅਤੇ ਸਿੱਖ ਰਾਜ ਨਹੀਂ ਮਿਲ ਜਾਂਦਾ ।

ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹੇ ਦੇ ਕਰੀਬ

# 02,26,924 ਪਰਿਵਾਰਾਂ ਨੂੰ ਕਵਰ ਕੇ ਜ਼ਿਲ੍ਹਾ ਸੰਗਰੂਰ ਸੂਬੇ ਵਿੱਚੋਂ ਮੋਹਰੀ

**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਅਮਿਤ ਬੈਂਬੀ ਨੇ ਦੱਸਿਆ ਕਿ ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹੇ ਦੇ ਕਰੀਬ 02,26,924 ਪਰਿਵਾਰਾਂ ਨੂੰ ਕਵਰ ਕੀਤਾ ਗਿਆ ਹੈ ਅਤੇ 05,24, 054 ਈ-ਕਾਰਡ ਜਨਰੇਟ ਕੀਤੇ ਗਏ ਹਨ, ਜਿਸ ਨਾਲ ਜ਼ਿਲ੍ਹਾ ਸੰਗਰੂਰ ਸੂਬੇ ਵਿੱਚੋਂ ਪਹਿਲੇ ਨੰਬਰ ਉੱਤੇ ਹੈ। ਬੱਚਿਆਂ ਦੀ ਸਿਹਤ ਦਾ ਖਿਆਲ ਰੱਖਣ ਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਇਸ ਸਾਲ ਮਈ ਮਹੀਨੇ ਤਕ 148 ਸਕੂਲਾਂ ਦਾ ਦੌਰਾ ਕਰ ਕੇ 22,014 ਬੱਚਿਆਂ ਅਤੇ 487 ਆਂਗਣਵਾੜੀ ਸੈਂਟਰਾਂ ਦਾ ਦੌਰਾ ਕਰ ਕੇ 12,444 ਬੱਚਿਆਂ ਦਾ ਚੈੱਕਅੱਪ ਕੀਤਾ ਗਿਆ ਅਤੇ 666 ਬੱਚਿਆਂ ਨੂੰ ਐਨਕਾਂ ਵੀ ਦਿੱਤੀਆਂ ਗਈਆਂ। ਮੀਟਿੰਗ ਦੌਰਾਨ ਸ਼੍ਰੀ ਬੈਂਬੀ ਨੇ ਜਿੱਥੇ ਜ਼ਿਲ੍ਹੇ ਵਿੱਚ ਸਿਹਤ ਵਿਭਾਗ ਦੇ ਕਾਰਜਾਂ ਦੀ ਸਮੀਖਿਆ ਕੀਤੀ, ਉਥੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡੇਂਗੂ ਤੋਂ ਬਚਾਅ ਲਈ ਸਾਰੀਆਂ ਤਿਆਰੀਆਂ ਮੁਕੰਮਲ ਰੱਖੀਆਂ ਜਾਣ ਅਤੇ ਬਚਾਅ ਲਈ ਜਿਹੜੇ ਵੀ ਕਦਮ ਜ਼ਰੂਰੀ ਹਨ, ਉਹ ਚੁੱਕੇ ਜਾਣ। ਉਹਨਾਂ ਕਿਹਾ ਕਿ ਇਸ ਬਾਬਤ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵੇਲੇ ਜ਼ਿਲ੍ਹੇ ਵਿੱਚ ਡੇਂਗੂ ਦਾ ਕੋਈ ਮਰੀਜ਼ ਜਾਂ ਕੇਸ ਨਹੀਂ ਹੈ। ਚੈਕਿੰਗ ਦੌਰਾਨ 75 ਥਾਵਾਂ ਉੱਤੇ ਡੇਂਗੂ ਦਾ ਲਾਰਵਾ ਮਿਲਿਆ, ਜਿਸ ਸਬੰਧੀ 75 ਚਲਾਨ ਕੱਟੇ ਗਏ ਹਨ। ਇਹਨਾਂ ਵਿੱਚ 53 ਥਾਵਾਂ ਸ਼ਹਿਰੀ ਅਤੇ 22 ਥਾਵਾਂ ਪੇਂਡੂ ਖੇਤਰ ਨਾਲ ਸਬੰਧਤ ਹਨ। ਸ਼੍ਰੀ ਬੈਂਬੀ ਨੇ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ, ਓਥੇ ਇਸ ਬਾਬਤ ਲੋਕਾਂ ਦਾ ਸਹਿਯੋਗ ਲਾਜ਼ਮੀ ਹੈ। ਇਸ ਲਈ ਜ਼ਿਲ੍ਹਾ ਵਾਸੀ ਆਪਣੇ ਘਰਾਂ ਵਿੱਚ ਅਤੇ ਆਲ਼ੇ-ਦੁਆਲੇ ਸਾਫ ਸਫਾਈ ਦਾ ਖ਼ਾਸ ਖ਼ਿਆਲ ਰੱਖਣ ਤੇ ਨਾਲੇ ਫਰਿੱਜਾਂ ਦੀਆਂ ਟਰੇਆਂ ਖਾਲੀ ਕਰਨ ਵੱਲ ਉਚੇਚਾ ਧਿਆਨ ਦੇਣ। ਵਧੀਕ ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਵਿਦਿਆਰਥੀਆਂ ਨੂੰ ਡੇਂਗੂ ਤੋਂ ਬਚਾਅ ਬਾਬਤ ਵੱਧ ਤੋਂ ਵੱਧ ਜਾਗਰੂਕ ਕਰਨ। ਇਸ ਮੌਕੇ ਉਹਨਾਂ ਇਹ ਵੀ ਜਾਣਕਾਰੀ ਸਾਂਝੀ ਕੀਤੀ ਕਿ ਤੰਬਾਕੂ ਕੰਟਰੋਲ ਐਕਟ ਤਹਿਤ ਜਨਵਰੀ ਤੋਂ ਲੈ ਕੇ ਮਈ ਮਹੀਨੇ ਤਕ 67 ਚਲਾਨ ਕੱਟ ਕੇ 1710 ਰੁਪਏ ਜੁਰਮਾਨਾ ਕੀਤਾ ਗਿਆ ਹੈ। ਇਸ ਮੌਕੇ ਸਿਵਲ ਸਰਜਨ ਡਾ. ਸੰਜੈ ਕਾਮਰਾ, ਵਧੀਕ ਸਿਵਲ ਸਰਜਨ ਡਾ. ਸੰਜੈ ਮਾਥੁਰ, ਡੀ. ਆਈ. ਓ. ਡਾ. ਅੰਜੂ ਸਿੰਗਲਾ, ਸਮੇਤ ਸਿਹਤ ਵਿਭਾਗ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



☛ ਡੇਂਗੂ ਤੋਂ ਬਚਾਅ ਲਈ ਸਿਹਤ ਵਿਭਾਗ ਨੂੰ ਤਿਆਰੀਆਂ ਮੁਕੰਮਲ ਰੱਖਣ ਦੀ ਹਦਾਇਤ ☛ ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ ਵੱਲੋਂ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ☛ ਸਿਹਤ ਵਿਭਾਗ ਦੇ ਕਾਰਜਾਂ ਦੀ ਸਮੀਖਿਆ

# ਜ਼ਿਲ੍ਹੇ ਵਿਚਲੇ ਵਿਕਾਸ ਕੰਮ ਤੈਅ ਸਮੇਂ ਵਿੱਚ ਮੁਕੰਮਲ ਕਰਨੇ ਯਕੀਨੀ ਬਣਾਏ ਜਾਣ: ਸੰਦੀਪ ਰਿਸ਼ੀ

## ਡਿਪਟੀ ਕਮਿਸ਼ਨਰ ਵੱਲੋਂ ਵਿਕਾਸ ਕਾਰਜਾਂ ਦੇ ਮੁਲਾਂਕਣ ਹਿਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ




ਸੰਗਰੂਰ ( ਰਣਜੀਤ ਸਿੰਘ ਪੇਧਨੀ )-ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਜ਼ਿਲ੍ਹੇ ਵਿਚਲੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਜ਼ਿਲ੍ਹੇ ਵਿਚ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ 'ਚ ਬਿਨਾਂ ਦੇਰੀ ਦੇ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਆਖਿਆ ਕਿ ਸਰਕਾਰੀ ਪ੍ਰੋਜੈਕਟਾਂ ਦੇ ਚੱਲ ਰਹੇ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਅਜਿਹਾ ਵਤੀਰਾ ਅਪਣਾਉਣ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਖੇਡ ਮੈਦਾਨਾਂ, ਛੱਪੜਾਂ ਦੀ ਸਾਫ਼-ਸਫਾਈ, ਪੀਣ ਵਾਲੇ ਪਾਣੀ ਦੇ ਪ੍ਰੋਜੈਕਟਾਂ, ਨਜ਼ਾਇਜ ਕਬਜ਼ਿਆਂ ਨੂੰ ਛੁਡਵਾਉਣ, ਪਿੰਡਾਂ ਤੇ ਸ਼ਹਿਰਾਂ ਦੀ ਦਿੱਖ ਨੂੰ ਸੁਧਾਰਨ ਨਾਲ ਸਬੰਧਤ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਮਹਾਤਮਾ ਗਾਂਧੀ ਦਿਹਾਤੀ ਰੋਜ਼ਗਾਰ ਗਾਰੰਟੀ ਕਾਨੂੰਨ (ਮਗਨਰੇਗਾ) ਹੇਠ ਮਗਨਰੇਗਾ ਵਰਕਰਾਂ ਤੋਂ ਵੱਧ ਤੋਂ ਵੱਧ ਵੱਖ-ਵੱਖ ਕਾਰਜ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮਗਨਰੇਗਾ ਦਿਹਾਤੀ ਖੇਤਰਾਂ ਵਿਚ ਨਾ ਕੇਵਲ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਂਦਾ ਹੈ, ਸਗੋਂ ਇਸ ਨਾਲ ਦਿਹਾਤੀ ਖੇਤਰਾਂ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਲੋਕਾਂ ਦਾ ਆਰਥਿਕ ਪੱਧਰ ਵੀ ਉਚਾ ਹੋ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਮਗਨਰੇਗਾ ਤਹਿਤ ਪਿੰਡਾਂ ਵਿਚ ਬੂਟੇ ਲਾਉਣ, ਸਕੂਲਾਂ ਵਿਚ ਮੀਂਹ ਦੇ ਪਾਣੀ ਦੀ ਸੰਭਾਲ ਲਈ ਢਾਂਚਾ ਵਿਕਸਤ ਕਰਨ, ਖੇਡ ਮੈਦਾਨ ਬਣਾਉਣ, ਛੱਪੜਾਂ ਨੂੰ ਸਾਫ਼ ਕਰਨ ਤੇ ਗਾਰ ਕੱਢਣ ਲਈ ਮਗਨਰੇਗਾ ਵਰਕਰਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਕਿਹਾ। ਡੀ.ਸੀ. ਨੇ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਦੀ ਸਾਫ਼-ਸਫਾਈ ਸਬੰਧੀ ਕਾਰਜਾਂ ਦੀ ਜ਼ਿਲ੍ਹੇ ਦੇ ਬੀ.ਡੀ.ਪੀ.ਓਜ਼ ਅਤੇ ਕਾਰਜ ਸਾਧਕ ਅਫਸਰ ਖੁਦ ਨਿਰੀਖਣ ਕਰਨ। ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਵਿਕਾਸ ਕੰਮਾਂ ਵਿਚ ਤੇਜ਼ੀ ਲਿਆਉਣ ਅਤੇ ਚੱਲ ਰਹੇ ਕੰਮਾਂ ਲਈ ਨਿਜੀ ਤੌਰ 'ਤੇ ਦੌਰਾ ਕਰਕੇ ਧਿਆਨ ਦੇਣ ਲਈ ਕਿਹਾ। ਉਨ੍ਹਾਂ ਨੇ ਜ਼ਿਲ੍ਹੇ ਵਿਚ ਚੱਲ ਰਹੇ ਵਿਕਾਸ ਕੰਮਾਂ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਵਾਸਤੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੰਮਾਂ ਦੀ ਸਮੇਂ-ਸਮੇਂ ਤੇ ਪ੍ਰਗਤੀ ਰਿਪੋਰਟ ਪੇਸ਼ ਕਰਨ ਲਈ ਵੀ ਆਖਿਆ। ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਬਾਰੇ ਜਾਗਰੂਕ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਬਿਊਰੋ ਨੂੰ ਪਿੰਡਾਂ ਵਿੱਚ ਜਾ ਕੇ ਕੈਂਪ ਲਾਉਣ ਲਈ ਵੀ ਕਿਹਾ ਤਾਂ ਜੋ ਵੱਧ ਤੋਂ ਵੱਧ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾ ਸਕੇ ਅਤੇ ਇਸ ਸਬੰਧੀ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਨੂੰ ਵੀ ਸੂਚਿਤ ਕਰਨ ਲਈ ਕਿਹਾ ਗਿਆ। ਉਹਨਾਂ ਕਿਹਾ ਕਿ ਕੋਈ ਵੀ ਬੱਚਾ ਪੜ੍ਹਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਨੇ ਬੱਚਿਆਂ ਦੇ ਮਾਪਿਆਂ ਨੂੰ ਸਿੱਖਿਆ ਪ੍ਰਤੀ ਜਾਗਰੂਕ ਕਰਨ ਲਈ ਅਧਿਕਾਰੀਆਂ ਨੂੰ ਸਵੈ ਸਹਾਇਤਾ ਗਰੁੱਪਾਂ ਦੀ ਮਦਦ ਲੈਣ ਦੀ ਗੱਲ ਵੀ ਆਖੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੁਖਚੈਨ ਸਿੰਘ, ਐੱਸ.ਡੀ.ਐੱਮ. ਸੰਗਰੂਰ ਚਰਨਜੋਤ ਸਿੰਘ ਵਾਲੀਆ, ਐੱਸ.ਡੀ.ਐਮ. ਭਵਾਨੀਗੜ੍ਹ ਮਨਜੀਤ ਕੌਰ, ਐੱਸ.ਡੀ.ਐਮ. ਦਿੜ੍ਹਬਾ ਰਾਜੇਸ਼ ਸ਼ਰਮਾ, ਐੱਸ.ਡੀ.ਐਮ. ਲਹਿਰਾ ਸੂਬਾ ਸਿੰਘ, ਐੱਸ.ਡੀ.ਐਮ ਧੂਰੀ ਰਿਸ਼ਬ ਬਾਂਸਲ, ਐੱਸ.ਡੀ.ਐਮ ਸੁਨਾਮ ਪ੍ਰਮੋਦ ਸਿੰਗਲਾ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਲੁਧਿਆਣਾ ਤੋਂ 'ਆਪ' ਦੇ ਪਤਨ ਦੀ ਉਲਟੀ ਗਿਣਤੀ ਸ਼ੁਰੂ; ਝੂਠ ਦਾ ਤਾਸ਼ੀ ਮਹਿਲ ਢਹਿ-ਢੇਰੀ ਹੋ ਰਿਹਾ - ਬ੍ਰਹਮਪੁਰਾ

**ਤਰਨ ਤਾਰਨ 17 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਚੋਹਲਾ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਸ਼ਾਸਨ 'ਤੇ ਇੱਕ ਜਨਮਤ ਸੰਗ੍ਰਹਿ (ਰੈਫਰੈਂਡਮ) ਹੈ, ਜਿਸ ਵਿੱਚ ਪੰਜਾਬ ਦੇ ਲੋਕ 'ਆਪ' ਦੇ ਝੂਠ ਅਤੇ ਲੁੱਟ ਦੀ ਰਾਜਨੀਤੀ ਨੂੰ ਸਿਰੇ ਤੋਂ ਨਕਾਰ ਦੇਣਗੇ। ਉਨ੍ਹਾਂ ਕਿਹਾ ਕਿ ਪੂਰੇ ਦਿੱਲੀ ਦਰਬਾਰ ਦਾ ਲੁਧਿਆਣਾ ਦੀਆਂ ਗਲੀਆਂ ਵਿੱਚ ਡੇਰੇ ਲਾਉਣਾ ਉਨ੍ਹਾਂ ਦੀ ਤਾਕਤ ਨਹੀਂ, ਸਗੋਂ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪਾਰਟੀ ਦਾ ਪੂਰੇ ਪੰਜਾਬ ਵਿੱਚੋਂ ਜਨ-ਆਧਾਰ ਖਿਸਕ ਚੁੱਕਾ ਹੈ ਅਤੇ ਉਹ ਆਪਣਾ ਆਖਰੀ ਕਿਲ੍ਹਾ ਬਚਾਉਣ ਲਈ ਹਤਾਸ਼ ਹਨ।

**ਸ਼੍ਰੋਮਣੀ ਅਕਾਲੀ ਦਲ ਬਿਨਾਂ ਪੰਜਾਬ ਵਿੱਚ ਅਮਨ-ਚੈਨ ਸੰਭਵ ਨਹੀਂ - ਬ੍ਰਹਮਪੁਰਾ**

ਸ੍ਰ. ਬ੍ਰਹਮਪੁਰਾ ਨੇ ਕਿਹਾ, "ਅੱਜ ਪੰਜਾਬ ਦੀ ਸਿਆਸੀ ਹਕੀਕਤ ਇਹ ਹੈ ਕਿ ਸਾਡੇ ਵਿਰੋਧੀ ਵੀ ਇਹ ਮੰਨਣ ਲੱਗੇ ਹਨ ਕਿ ਪੰਜਾਬ ਨੂੰ ਜੇਕਰ ਕੋਈ ਤਾਕਤ ਬਚਾ ਸਕਦੀ ਹੈ, ਤਾਂ ਉਹ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੈ। ਪੰਜਾਬ ਦੀ ਭਾਈਚਾਰਕ ਸਾਂਝ ਅਤੇ ਅਮਨ-ਕਾਨੂੰਨ ਦੀ ਰਾਖੀ ਲਈ ਇੱਕ ਮਜ਼ਬੂਤ ਅਤੇ ਤਜਰਬੇਕਾਰ ਅਕਾਲੀ ਦਲ ਦੀ ਮੌਜੂਦਗੀ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਬਣ ਗਈ ਹੈ। 'ਆਪ' ਸਰਕਾਰ ਦੀ ਕਾਰਗੁਜ਼ਾਰੀ ਦਾ ਪੋਸਟਮਾਰਟਮ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, "ਆਮ ਆਦਮੀ ਪਾਰਟੀ ਦੀ ਹਾਰ ਯਕੀਨੀ ਹੈ ਅਤੇ ਇਸ ਦੇ ਕਾਰਨ ਕਿਸੇ ਤੋਂ ਲੁਕੇ ਨਹੀਂ ਹਨ। ਪਹਿਲਾਂ, ਇਨ੍ਹਾਂ ਨੇ ਪੰਜਾਬ ਦੀ ਪੱਗ ਨੂੰ ਦਾਗ. ਲਾਉਂਦਿਆਂ ਪੈਸੇ ਦੇ ਜ਼ੋਰ 'ਤੇ ਬਾਹਰੀ ਲੋਕਾਂ ਨੂੰ ਰਾਜ ਸਭਾ ਦੀਆਂ ਸੀਟਾਂ ਵੇਚੀਆਂ। ਦੂਜਾ, ਇਨ੍ਹਾਂ ਨੇ ਪੰਜਾਬ ਨੂੰ ਅਮਨ-ਕਾਨੂੰਨ ਪੱਖੋਂ ਲਾਵਾਰਸ ਕਰਕੇ ਗੈਂਗਸਟਰ ਰਾਜ ਦੀ ਸਥਾਪਨਾ ਕਰ ਦਿੱਤੀ ਹੈ, ਜਿਸ ਕਾਰਨ ਅੱਜ ਹਰ ਵਪਾਰੀ ਅਤੇ ਆਮ ਨਾਗਰਿਕ ਦਹਿਸ਼ਤ ਦੇ ਸਾਏ ਹੇਠ ਜੀਅ ਰਿਹਾ ਹੈ। ਤੀਜਾ, ਨਸ਼ਿਆਂ ਦੇ ਦੈਂਤ ਨੂੰ ਖਤਮ ਕਰਨ ਦੇ ਵਾਅਦੇ ਖੋਖਲੇ ਸਾਬਤ ਹੋਏ ਅਤੇ ਇਹ ਨਸ਼ਾ ਪੰਜਾਬ ਦੀ ਜਵਾਨੀ ਨੂੰ ਘੁਣ ਵਾਂਗ ਖਾ ਰਿਹਾ ਹੈ। ਉਨ੍ਹਾਂ ਨੇ ਅਲੋਚਨਾਂ ਕਰਦਿਆਂ ਕਿਹਾ, "ਲੁਧਿਆਣਾ ਪੰਜਾਬ ਦਾ ਆਰਥਿਕ ਧੁਰਾ ਹੈ। ਜਦੋਂ ਇੱਥੋਂ ਦਾ ਵਪਾਰੀ ਅਤੇ ਸੂਝਵਾਨ ਵੋਟਰ 'ਆਪ' ਨੂੰ ਨਕਾਰਦਾ ਹੈ, ਤਾਂ ਇਹ ਸਿਰਫ਼ ਇੱਕ ਚੋਣ ਨਤੀਜਾ ਨਹੀਂ, ਸਗੋਂ 'ਆਪ' ਸਰਕਾਰ ਦੀਆਂ ਪੰਜਾਬ-ਵਿਰੋਧੀ ਨੀਤੀਆਂ ਖਿਲਾਫ਼ ਇੱਕ ਫ਼ਤਵਾ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ 'ਬਦਲਾਅ' ਦੇ ਨਾਂ 'ਤੇ ਆਈ ਇਹ ਤਬਾਹੀ ਹੁਣ ਲੋਕਾਂ ਨੂੰ ਹੋਰ ਬਰਦਾਸ਼ਤ ਨਹੀਂ ਹੈ। ਸ੍ਰ. ਬ੍ਰਹਮਪੁਰਾ ਨੇ ਪੰਜਾਬ ਦੇ ਸੁਨਹਿਰੇ ਭਵਿੱਖ ਦਾ ਐਲਾਨ ਕਰਦਿਆਂ ਕਿਹਾ, 'ਆਪ' ਸਰਕਾਰ ਦੇ ਕੁਸ਼ਾਸਨ ਦੀ ਇਹ ਹਨੇਰੀ ਰਾਤ ਹੁਣ ਖ਼ਤਮ ਹੋਣ ਵਾਲੀ ਹੈ। ਪੰਜਾਬ ਦੇ ਲੋਕ ਮਾਯੂਸੀ ਦੇ ਹਨੇਰੇ ਨੂੰ ਦੂਰ ਕਰਨ ਲਈ ਤਿਆਰ ਹਨ। ਲੁਧਿਆਣਾ ਦਾ ਨਤੀਜਾ ਉਸ ਨਵੇਂ ਸਵੇਰੇ ਦੀ ਪਹਿਲੀ ਕਿਰਨ ਹੋਵੇਗਾ ਅਤੇ 2027 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਵਿਕਾਸਮੁਖੀ ਰਾਜ ਦਾ ਸੂਰਜ ਪੂਰੇ ਪੰਜਾਬ 'ਤੇ ਆਪਣੀ ਪੂਰੀ ਆਬੋ-ਤਾਬ ਨਾਲ ਚਮਕੇਗਾ। ਇਸ ਮੌਕੇ ਸਾਬਕਾ ਵਿਧਾਇਕ ਬ੍ਰਹਮਪੁਰਾ ਨਾਲ ਅਮਰੀਕ ਸਿੰਘ ਸਾਬਕਾ ਸਰਪੰਚ, ਦਿਲਬਰ ਸਿੰਘ ਸਮਾਜ ਸੇਵਕ, ਅਵਤਾਰ ਸਿੰਘ ਰੇਮੰਡ, ਹਰਬੰਸ ਸਿੰਘ ਫੌਜੀ, ਡਾਕਟਰ ਜਤਿੰਦਰ ਸਿੰਘ, ਗੁਰਦੇਵ ਸਿੰਘ ਸਮਾਜ ਸੇਵਕ, ਬਲਬੀਰ ਸਿੰਘ ਬੱਲੀ ਅਤੇ ਕੁਰਿੰਦਰ ਸਿੰਘ ਆਦਿ ਮੋਹਤਬਰ ਹਾਜ਼ਰ ਸਨ।


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪਦਾਰਥਵਾਦ ਦੇ ਮਨੁੱਖਤਾ ’ਤੇ ਹੋ ਰਹੇ ਨਕਾਰਾਤਮਕ ਪ੍ਰਭਾਵ



**ਅਜੋਕਾ** ਯੁੱਗ ਬਿਜਲੀ ਦੀ ਤੇਜ਼ੀ ਨਾਲ ਤਕਨੀਕੀ ਵਿਕਾਸ ਹੋ ਰਿਹਾ ਹੈ ਅਤੇ ਉਪਭੋਗਤਾ ਸਭਿਆਚਾਰ ਦੁਆਰਾ ਪਰਿਭਾਸ਼ਿਤ ਹੈ।ਪਦਾਰਥਵਾਦ ਮਨੁੱਖੀ ਵਿਹਾਰ ਅਤੇ ਸਮਾਜਿਕ ਮੁੱਲਾਂ ਨੂੰ ਆਕਾਰ ਦੇਣ ਵਾਲਾ ਇੱਕ ਵਿਆਪਕ ਤੱਤ ਬਣ ਗਿਆ ਹੈ। ਭੌਤਿਕ ਧਨ ਦੀ ਖੋਜ ਬੇਸ਼ੱਕ ਆਰਥਿਕ ਵਿਕਾਸ ਅਤੇ ਨਵੀਨਤਾ ਨੂੰ ਪ੍ਰੇਰਿਤ ਕਰ ਸਕਦੀ ਹੈ, ਪਰ ਮਾਲੀ ਪਦਾਰਥਾਂ ’ਤੇ ਬਹੁਤ ਜ਼ਿਆਦਾ ਧਿਆਨ ਦੇਣ ਨਾਲ ਮਨੁੱਖੀ ਖੁੱਸ਼ੀ ਅਤੇ ਆਪਸੀ ਭਾਵਨਾਤਮਕ ਸੰਬੰਧਾਂ ਵਿੱਚ ਕਮੀ ਆ ਰਹੀ ਹੈ।

ਪਦਾਰਥਵਾਦ ਜੋ ਕਿ ਇਹ ਵਿਸ਼ਵਾਸ ਕਰਦਾ ਹੈ ਕਿ ਭੌਤਿਕ ਪਦਾਰਥ ਅਤੇ ਸਰੀਰਕ ਆਰਾਮ ਜੀਵਨ ਦੇ ਸਭ ਤੋਂ ਮਹੱਤਵਪੂਰਕ ਪੱਖ ਹਨ ਆਧੁਨਿਕ ਸਮਾਜ ਵਿੱਚ ਡੂੰਘੇ ਰੂਪ ਵਿੱਚ ਜੁੜਿਆ ਹੋਇਆ ਹੈ।ਸਮਾਜਿਕ ਮੀਡੀਆ ਅਤੇ ਵਿਗਿਆਪਨ ਦੇ ਉੱਥਾਨ ਨਾਲ, ਵੱਧ ਤੋਂ ਵੱਧ ਪਦਾਰਥਾਂ ਨੂੰ ਪ੍ਰਾਪਤ ਕਰਨ ਦਾ ਦਬਾਅ—ਜਿਵੇਂ ਕਿ ਨਵੇਂ ਗੈਜਟ, ਲਗਜ਼ਰੀ ਕਾਰਾਂ ਜਾਂ ਡਿਜ਼ਾਈਨਰ ਕਲੋਥਿੰਗ—ਹੋਰ ਵੱਧ ਗਿਆ ਹੈ। ਇਹ ਅਟਲ ਖੋਜ ਅਕਸਰ ਵਿਅਕਤੀਆਂ ਨੂੰ ਅਸੰਤੁਸ਼ਟ ਅਤੇ ਆਪਣੇ ਸੱਚੇ ਆਪ ਅਤੇ ਸਮੁਦਾਇ ਤੋਂ ਦੂਰ ਮਹਿਸੂਸ ਕਰਾਉਂਦੀ ਹੈ।

**ਮਨੋਵਿਗਿਆਨਕ ਨਤੀਜੇ**

ਅਧਿਐਨ ਦਰਸਾਉਂਦੇ ਹਨ ਕਿ ਪਦਾਰਥਵਾਦੀ ਸੋਚ ਦਾ ਮਨੋਵਿਗਿਆਨ ’ਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ।ਅਧਿਐਨ ਦਰਸਾਉਂਦੇ ਹਨ ਕਿ ਜਿਹੜੇ ਵਿਅਕਤੀ ਸੰਬੰਧਾਂ ਅਤੇ ਅਨੁਭਵਾਂ ਦੀ ਥਾਂ ਭੌਤਿਕ ਧਨ ਨੂੰ ਪਹਿਲ ਦਿੰਦੇ ਹਨ, ਉਹ ਅਕਸਰ ਚਿੰਤਾ ਅਤੇ ਜੀਵਨ ਵਿੱਚ ਅਸੰਤੁਸ਼ਟੀ ਦੇ ਉੱਚੇ ਪੱਧਰਾਂ ਮਹਿਸੂਸ ਕਰਦੇ ਹਨ। 2022 ਵਿੱਚ ਜਰਨਲ ਆਫ਼ ਕੰਜ਼ਿਊਮਰ ਰਿਸਰਚ ਵਿੱਚ ਛਪੀ ਇੱਕ ਅਧਿਐਨ ਨੇ ਦਰਸਾਇਆ ਕਿ ਜਿਹੜੇ ਲੋਕ ਮਾਲੀ ਮੁੱਲਾਂ ਨਾਲ ਜੁੜੇ ਹੋਏ ਹਨ, ਉਹਨਾਂ ਨੂੰ ਇਕੱਲਾਪਣ ਅਤੇ ਤਨਹਾਈ ਦੀ ਭਾਵਨਾਂ ਨੂੰ ਮਹਿਸੂਸ ਕਰਨ ਦੀ ਸੰਭਾਵਨਾ ਹੋਰ ਵੱਧ ਹੁੰਦੀ ਹੈ। ਮਨੋਵਿਗਿਆਨੀ ਡਾ. ਐਮੀਲੀ ਕਾਰਟਰ, ਜੋ ਕਿ ਉਪਭੋਗਤਾ ਵਿਹਾਰ ਵਿੱਚ ਵਿਸ਼ਾ ਮਾਹਿਰ ਹਨ ਕਹਿੰਦੇ ਹਨ “ਜਦੋਂ ਵਿਅਕਤੀ ਆਪਣੇ ਆਪ ਦੀ ਕੀਮਤ ਨੂੰ ਆਪਣੇ ਪਦਾਰਥਾਂ ਨਾਲ ਜੋੜਦੇ ਹਨ, ਤਾਂ ਉਹ ਤੁਲਨਾ ਅਤੇ ਮੁਕਾਬਲੇ ਦੇ ਚੱਕਰ ਵਿੱਚ ਫਸ ਜਾਂਦੇ ਹਨ। ਇਹ ਨਾ ਸਿਰਫ਼ ਉਨ੍ਹਾਂ ਦੀ ਮਨੋਵਿਗਿਆਨਕ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਸਗੋਂ ਇਹ ਉਨ੍ਹਾਂ ਦੇ ਸੰਬੰਧਾਂ ਦੀ ਗੁਣਵੱਤਾ ਨੂੰ ਵੀ ਖ਼ਰਾਬ ਕਰ ਦਿੰਦਾ ਹੈ।”

**ਸਮਾਜਿਕ ਮੁੱਲਾਂ ਦੀ ਘਾਟ**

ਪਦਾਰਥਵਾਦ ਸਮਾਜਿਕ ਏਕਤਾ ਲਈ ਵੀ ਖਤਰਾ ਬਣਦਾ ਜਾ ਰਿਹਾ ਹੈ। ਜਿਵੇਂ ਜਿਵੇਂ ਲੋਕ ਵਿਅਕਤੀਗਤ ਪਦਾਰਥ ਦੇ ਇਕੱਠ ਕਰਨ ’ਤੇ ਧਿਆਨ ਕੇਂਦ੍ਰਿਤ ਕਰਨ ਲੱਗਦੇ ਹਨ ਉਹ ਸਮਾਜਿਕ ਬੰਧਨਾਂ ਵਿੱਚ ਫਸੇ ਮਹਿਸੂਸ ਕਰਦੇ ਹਨ ਜਿਸ ਦੇ ਫਲਸਰੂਪ ਕਈ ਵਾਰ ਉਹ ਬੰਧਨ ਢਹਿ ਜਾਂਦੇ ਹਨ। ਸਥਾਨਕ ਪਹਿਲ ਅਨੁਸਾਰ ਸੇਵਾ ਕਾਰਜ, ਅਤੇ ਦਇਆ ਦੇ ਕੰਮ ਅਕਸਰ ਇੱਕ ਐਸੀ ਸਭਿਆਚਾਰ ਦੁਆਰਾ ਢੱਕੇ ਜਾਂਦੇ ਹਨ ਜੋ ਨਿੱਜੀ ਲਾਭ ਨੂੰ ਮਹਿਮਾਨੀ ਦੇਣ ਵਾਲਾ ਹੁੰਦਾ ਹੈ। ਇਸ ਬਦਲਾਅ ਨੇ ਸਮਾਜਿਕ ਪੂੰਜੀ ਵਿੱਚ ਕਮੀ ਦਾ ਕਾਰਨ ਬਣਾਇਆ ਹੈ,ਭ ਜਿਸ ਨਾਲ ਸਮੁਦਾਇਆਂ ਲਈ ਆਪਸੀ ਸਹਾਇਤਾ ਦੇ ਸਮੇਂ ਇਕੱਠਾ ਹੋਣਾ ਮੁਸ਼ਕਲ ਹੋ ਜਾਂਦਾ ਹੈ।

ਸੋਸ਼ੀਓਲੋਜਿਸਟ ਡਾ. ਮਾਰਕ ਥੌਮਸਨ ਨੇ ਸਮਾਜਿਕ ਸ਼ਾਮਿਲ ਹੋਣ ਦੀ ਮਹੱਤਤਾ ’ਤੇ ਜ਼ੋਰ ਦਿੱਤਾ: “ਜਦੋਂ ਲੋਕ ਮਾਲੀ ਧਨ ਨੂੰ ਸਮਾਜਿਕ ਭਲਾਈ ’ਤੇ ਪ੍ਰਾਥਮਿਕਤਾ ਦਿੰਦੇ ਹਨ, ਤਾਂ ਉਹ ਮਨੁੱਖੀ ਸੰਪਰਕ ਦੀ ਰੰਗਤ ਨੂੰ ਗੁਆਉਂਦੇ ਹਨ। ਮਜ਼ਬੂਤ ਸਮੁਦਾਇ ਸਾਂਝੇ ਮੁੱਲਾਂ ਅਤੇ ਆਪਸੀ ਸਹਾਇਤਾ ’ਤੇ ਬਣਦੇ ਹਨ, ਨਾਹ ਕਿ ਨਿੱਜਤਾ ’ਤੇ।”

**ਵਾਤਾਵਰਨ ’ਤੇ ਪ੍ਰਭਾਵ**

ਮਾਲੀਵਾਦ ਦੇ ਨਤੀਜੇ ਵਿਅਕਤੀਗਤ ਸੁੱਖਾਂ ਦੀ ਪ੍ਰਾਪਤੀ ਤੋਂ ਬਾਹਰ ਵੀ ਫੈਲ ਜਾਂਦੇ ਹਨ; ਇਹ ਵਾਤਾਵਰਨ ਲਈ ਵੀ ਮਹੱਤਵਪੂਰਨ ਪ੍ਰਭਾਵ ਰੱਖਦੇ ਹਨ।ਨਵੇਂ ਉਤਪਾਦਾਂ ਦੀ ਲਗਾਤਾਰ ਖੋਜ ਵੱਧ ਉਪਭੋਗਤਾ, ਬਰਬਾਦੀ ਅਤੇ ਵਾਤਾਵਰਨ ਦੇ ਨਾਸ਼ ਦਾ ਕਾਰਨ ਬਣਦੀ ਹੈ। ਫੈਸ਼ਨ ਉਦਯੋਗ ਹੀ ਇਕ ਭਾਰੀ ਮਾਤਰਾ ਵਿੱਚ ਪ੍ਰਦੂਸ਼ਣ ਅਤੇ ਸਰੋਤਾਂ ਦੀ ਘਾਟ ਦਾ ਕਾਰਨ ਹੈ, ਕਿਉਂਕਿ ਉਪਭੋਗਤਾ ਹਰ ਵਾਰੀ ਅਗਲੇ ਰੁਝਾਨ ਦੀ ਖੋਜ ਕਰਦੇ ਹਨ।

ਵਾਤਾਵਰਨ ਸੁਰੱਖਿਅਣ ਵਾਲੀ ਸਰਾਹ ਗ੍ਰੀਨ ਚੇਤਾਵਨੀ ਦਿੰਦੀ ਹੈ, “ਸਾਡੇ ਭੌਤਿਕ ਪਦਾਰਥਾਂ ਨਾਲ ਸਬੰਧਿਤ ਮੋਹ ਬਹੁਤਾ ਯੋਗ ਨਹੀਂ ਹੈ। ਜੇ ਅਸੀਂ ਭਵਿੱਖ ਲਈ ਆਪਣੇ ਗ੍ਰਹਿ ਦੀ ਰੱਖਿਆ ਕਰਨੀ ਹੈ ਤਾਂ ਸਾਨੂੰ ਖਪਤ ਤੋਂ ਬਚ ਕੇ ਸੁਰੱਖਿਅਮ ’ਤੇ ਧਿਆਨ ਕੇਂਦ੍ਰਿਤ ਕਰਨ ਦੀ ਲੋੜ ਹੈ।” ਇਨ੍ਹਾਂ ਚੁਣੌਤੀਆਂ ਦੇ ਸੰਦਰਭ ਵਿੱਚ, ਬਹੁਤ ਸਾਰੇ ਵਕੀਲ ਮਿਨਿਮਲਿਜ਼ਮ ਅਤੇ ਸੋਚ-ਵਿਚਾਰ ਵਾਲੀ ਖਪਤ ਵੱਲ ਇੱਕ ਸੰਸਕ੍ਰਿਤਿਕ ਬਦਲਾਅ ਦੀ ਮੰਗ ਕਰ ਰਹੇ ਹਨ। ਇਹ ਚਲਨ ਵਿਅਕਤੀਆਂ ਨੂੰ ਪਦਾਰਥਾਂ ਦੇ ਬਜਾਏ ਅਨੁਭਵਾਂ ਨੂੰ ਪ੍ਰਾਥਮਿਕਤਾ ਦੇਣ ਲਈ ਉਤਸ਼ਾਹਿਤ ਕਰਦਾ ਹੈ, ਜੋ ਦੂਜੇ ਲੋਕਾਂ ਨਾਲ ਗਹਿਰੇ ਸੰਬੰਧ ਬਣਾਉਂਦਾ ਹੈ ਅਤੇ ਮਨੋਵਿਗਿਆਨਕ ਸੁੱਖਾ ਨੂੰ ਵਧਾਉਂਦਾ ਹੈ। ਐਸੀ ਪਹਿਲ ਜੋ ਟਿਕਾਊਤਾ ਅਤੇ ਨੈਤਿਕ ਖਪਤ ’ਤੇ ਜ਼ੋਰ ਦਿੰਦੀ ਹਨ, ਉਹ ਵੱਧ ਪ੍ਰਸਿੱਧ ਹੋ ਰਹੀਆਂ ਹਨ ਕਿਉਂਕਿ ਉਪਭੋਗਤਾ ਆਪਣੇ ਚੋਣਾਂ ਦੇ ਪ੍ਰਭਾਵ ਬਾਰੇ ਹੋਰ ਜਾਣੂ ਹੋ ਰਹੇ ਹਨ। ਜਿਵੇਂ ਸਮਾਜ ਮਾਲੀਵਾਦ ਦੇ ਨਤੀਜਿਆਂ ਨਾਲ ਟੱਕਰਾਉਂਦਾ ਹੈ, ਇਹ ਮਹੱਤਵਪੂਰਣ ਹੈ ਕਿ ਵਿਅਕਤੀ ਆਪਣੇ ਮੁੱਲਾਂ ਅਤੇ ਪ੍ਰਾਥਮਿਕਤਾਵਾਂ ’ਤੇ ਵਿਚਾਰ ਕਰਨ। ਇੱਕ ਐਸੀ ਸਭਿਆਚਾਰ ਨੂੰ ਉੱਪਰ ਲਿਆਂਦਾ ਜਾਣਾ ਜੋ ਸੰਪਰਕ, ਸਮੁਦਾਇ ਅਤੇ ਟਿਕਾਊਤਾ ਨੂੰ ਇਕੱਤਰ ਕਰਨ ’ਤੇ ਧਿਆਨ ਕੇਂਦ੍ਰਿਤ ਕਰਦੀ ਹੈ, ਮਨੁੱਖਤਾ ਨੂੰ ਆਪਣੇ ਉਦੇਸ਼ ਅਤੇ ਸਬੰਧਾਂ ਦੀ ਦੁਬਾਰਾ ਪ੍ਰਾਪਤੀ ਕਰਨ ਵਿੱਚ ਮਦਦ ਕਰ ਸਕਦੀ ਹੈ।

ਪਦਾਰਥਵਾਦ ਸ਼ਾਇਦ ਛੇਤੀ ਸੰਤੋਸ਼ ਪ੍ਰਦਾਨ ਕਰ ਸਕਦਾ ਹੈ ਪਰ ਇਸਦੇ ਲੰਬੇ ਸਮੇਂ ਦੇ ਪ੍ਰਭਾਵ ਮਨੋਵਿਗਿਆਨਿਕ ਸਿਹਤ, ਸਮਾਜਿਕ ਏਕਤਾ ਅਤੇ ਵਾਤਾਵਰਨ ਲਈ ਬੇਹੱਦ ਗੰਭੀਰ ਹਨ। ਜਿਵੇਂ ਅਸੀਂ ਇੱਕ ਵਧੇਰੇ ਜਟਿਲ ਸੰਸਾਰ ਵਿੱਚ ਚੱਲ ਰਹੇ ਹਾਂ, ਇਹ ਮਹੱਤਵਪੂਰਣ ਹੈ ਕਿ ਮਾਲੀ ਧਨ ਨੂੰ ਸਭ ਕੁਝ ਤੋਂ ਉੱਚਾ ਰੱਖਣ ਦੇ ਸੰਭਾਵਨਾ ਵਾਲੇ ਖਤਰਿਆਂ ਨੂੰ ਸਮਝਿਆ ਜਾਵੇ। ਜੀਵਨ ਲਈ ਇੱਕ ਹੋਲਿਸਟਿਕ ਦ੍ਰਿਸ਼ਟੀਕੋਣ ਨੂੰ ਗਲੇ ਲਗਾਉਣ ਦੁਆਰਾ—ਇੱਕ ਜੋ ਸੰਬੰਧਾਂ, ਅਨੁਭਵਾਂ ਅਤੇ ਵਾਤਾਵਰਨ ਦੀ ਸੰਭਾਲ ਨੂੰ ਪ੍ਰਾਥਮਿਕਤਾ ਦਿੰਦੀ ਹੈ—ਅਸੀਂ ਉਸ ਦੇ ਟੁੱਟਣ ਦੀ ਮੁਰੰਮਤ ਸ਼ੁਰੂ ਕਰ ਸਕਦੇ ਹਾਂ।

**-ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ।**

ਆਵਾਜ਼ਿ ਕੌਮ AWAZE QAUM International Newspaper & WEB TV

## ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ ਤੇ

# ਲੋੜਵੰਦ ਬੇਟੀ ਦਾ ਆਨੰਦ ਕਾਰਜ ਕਰਵਾਇਆ ਗਿਆ



**ਜੰਡਿਆਲਾ ਗੁਰੂ, 17 ਜੂਨ ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨ ਸਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਤੇ 1984 ਦੇ ਸਮੂਹ ਸਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਵੱਲੋਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਦੇਸ ਵਿਦੇਸ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਗੁਰਮਤਿ ਸਮਾਗਮ ਕਰਵਾਇਆ ਗਿਆ ਪੁਰਬ ਨੂੰ ਸਮਰਪਿਤ ਤਿੰਨ ਰੋਜ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਅਤੇ ਦੁਖ ਨਿਵਾਰਨ ਕੈਂਪ ਲਗਾਇਆ ਗਿਆ ਅਤੇ ਨਾਲ ਹੀ ਲੋੜਵੰਦ ਬੇਟੀ ਦਾ ਆਨੰਦ ਕਾਰਜ ਵਿਆਹ ਸਮਾਗਮ ਕਰਵਾਇਆ ਗਿਆ ਅਤੇ ਬੇਟੀ ਨੂੰ ਵਿਆਹਣ ਆਈ ਬਰਾਤ ਨੂੰ ਸੰਭਾਲਦਿਆਂ ਹੋਇਆ ਬਰਾਤ ਨੂੰ ਜੀ ਆਇਆ ਆਖਿਆ ਅਤੇ ਵੱਖ-ਵੱਖ ਪਦਾਰਥਾਂ ਦੇ ਲੰਗਰ ਛਕਾਏ ਗਏ ਇਸ ਮੌਕੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ ਬੀਤੇ ਦਹਾਕੇ ਦੀ ਗੱਲ ਕਰੀਏ ਤਾਂ ਭਾਰਤੀ ਹਕੂਮਤ ਵੱਲੋਂ ਸਿੱਖਾਂ ਦੀ ਮਹਾਨ ਆਸਥਾ ਦੇ ਘਰ ਸਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਵੱਲੋਂ ਸਾਜੇ ਗਏ ਸਰਬਉਚ ਸ੍ਰੀ ਅਕਾਲ ਤਖਤ ਸਾਹਿਬ ਜੀ ਤੇ ਭਾਰਤੀ ਫੌਜੀ ਕਾਰਵਾਈ ਰਾਹੀਂ ਟੈਂਕਾਂ ਤੋਪਾਂ ਗੋਲਿਆਂ ਨਾਲ ਹਮਲਾ ਕਰਕੇ ਭਾਰੀ ਨੁਕਸਾਨ ਕੀਤਾ ਗਿਆ ਅਤੇ ਨਾਲ ਹੋਰ ਵੀ ਪੰਜਾਬ ਵਿੱਚ ਬੇਅੰਤ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਵੀਹਵੀਂ ਸਦੀ ਦੇ ਮਹਾਨ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ , ਜਰਨਲ ਭਾਈ ਸੁਬੇਗ ਸਿੰਘ ਤੇ ਹੋਰ ਸੈਕੜੇ ਸਿੰਘਾਂ ਸਿੰਘਣੀਆਂ ਦੁੱਧ ਚੁੰਘਦੇ ਬੱਚਿਆਂ ਨੂੰ ਗੋਲੀਆਂ ਮਾਰ ਕਿ ਸ਼ਹੀਦ ਕਰ ਦਿੱਤਾ ਗਿਆ ਅਤੇ ਦਿਲੀ ਵਿੱਚ ਸੈਕੜੇ ਸਿੱਖਾਂ ਅਤੇ ਉਨਾਂ ਦੇ ਪ੍ਰੀਵਾਰਾਂ ਦੇ ਗਲਾਂ ਵਿਚ ਟਾਇਰ ਪਾ ਕਿ ਜਿੰਦਾ ਜਲ੍ਹਾ ਕਿ ਸਹੀਦ ਕਰ ਦਿੱਤਾ ਗਿਆ ਜਿਸ ਦੁਖਾਂਤ ਨੂੰ ਰਹਿੰਦੀ ਦੁਨੀਆ ਤੱਕ ਭੁਲਾਇਆ ਨਹੀਂ ਜਾ ਸਕਦਾ ਆਖਿਰ ਵਿੱਚ ਬਾਬਾ ਬਿਬੇਕ ਸਿੰਘ ਜੀ ਨੇ ਸਮੂਹ ਸਹੀਦਾਂ ਨੂੰ ਯਾਦ ਕਰਦਿਆ ਹੋਇਆ ਕੋਟਨਿ ਕੋਟਿ ਪ੍ਰਣਾਮ ਕਰਦਿਆਂ ਸਮੂਹ ਸੰਗਤਾਂ ਨੂੰ ਆਪਣੇ ਨਿੱਤਨੇਮ ਤੋਂ ਇਲਾਵਾ ਸਹੀਦੀ ਦਿਹਾੜਿਆਂ ਚ ਵੱਧ ਤੋਂ ਵੱਧ ਗੁਰਬਾਣੀ ਸਰਵਨ ਕਰਨ ਲਈ ਬੇਨਤੀ ਕੀਤੀ ! ਇਸ ਮੌਕੇ ਸਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾਦਲ ਦੇ ਸਿੰਘ ਸਾਹਬ ਜਥੇਦਾਰ ਬਾਬਾ ਮੇਜਰ ਸਿੰਘ ਵੱਲੋਂ ਜਥੇ ਸਮੇਤ ਲਗਵਾਈ ਹਾਜ਼ਰੀ ਬਾਬਾ ਬਿਬੇਕ ਸਿੰਘ ਜੀ ਵੱਲੋਂ ਸਿਰੋਪਾਓ ਪਾ ਕਿ ਕੀਤਾ ਗਿਆ ਸਨਮਾਨਿਤ !

**ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਤੇ ਬੇਅੰਤ ਸਿੰਘਾਂ ਸਿੰਘਣੀਆਂ ਨੂੰ ਭਾਰਤੀ ਹਕੂਮਤ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਜਿਸ ਦੁਖਾਂਤ ਨੂੰ ਭੁਲਾਇਆ ਨਹੀਂ ਜਾ ਸਕਦਾ-ਬਾਬਾ ਬਿਬੇਕ ਸਿੰਘ**

ਆਵਾਜ਼ਿ ਕੌਮ AWAZE QAUM International Newspaper & WEB TV

## ਅਣਖੀ ਸਿੱਖਾਂ ਦੇ ਪਰਿਵਾਰਾਂ ਨੂੰ ਹਿਰਾਸਤ ’ਚ ਲੈਣ ਵਾਲੀ ਪੁਲਿਸ ਨੇ ਭਗੌੜੇ ਸੁਮੇਧ ਸੈਣੀ ਦੇ ਟੱਬਰ ਨੂੰ ਕਿਉਂ ਨਹੀਂ ਸੀ ਚੁੱਕਿਆ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ



**ਅੰਮ੍ਰਿਤਸਰ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਨਿਹੰਗ ਦੇ ਸਾਥੀਆਂ ਭਾਈ ਜਸਪ੍ਰੀਤ ਸਿੰਘ ਮਹਿਰੋਂ ਅਤੇ ਭਾਈ ਨਿਮਰਤਜੀਤ ਸਿੰਘ ਨਿਹੰਗ ਵੱਲੋਂ ਸੋਸ਼ਲ ਮੀਡੀਆ ਉੱਤੇ ਅਸ਼ਲੀਲਤਾ ਫੈਲਾਉਣ ਵਾਲੀ ਕੰਚਨ ਕੁਮਾਰੀ ਉਰਫ ਕਮਲ ਕੌਰ ਦੇ ਕਤਲ ਕੀਤੇ ਜਾਣ ਤੋਂ ਬਾਅਦ ਪੁਲਿਸ ਅਤੇ ਮੀਡੀਆ ਨੇ ਸਿੱਖਾਂ ਪ੍ਰਤੀ ਨਫਰਤ ਭਰਿਆ ਵਤੀਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਈ ਜਸਪ੍ਰੀਤ ਸਿੰਘ ਮਹਿਰੋਂ ਅਤੇ ਭਾਈ ਨਿਮਰਤਜੀਤ ਸਿੰਘ ਭਾਵੇਂ ਗ੍ਰਿਫ਼ਤਾਰ ਹੋ ਚੁੱਕੇ ਹਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਪਰ ਪੁਲਿਸ ਨੇ ਉਸ ਦੇ ਪਿਤਾ ਤੇ ਭੈਣ ਨੂੰ ਚੁੱਕ ਕੇ ਥਾਣੇ ਲਿਜਾਇਆ ਹੈ ਜਿਸ ਕਾਰਨ ਸਿੱਖ ਕੌਮ ਵਿੱਚ ਭਾਰੀ ਰੋਹ ਅਤੇ ਰੋਸ ਪ੍ਰਗਟ ਹੋਇਆ। ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਜਦੋਂ ਸਿੱਖ ਨੌਜਵਾਨੀ ਦੇ ਕਾਤਲ ਡੀ.ਜੀ.ਪੀ. ਸੁਮੇਧ ਸੈਣੀ ’ਤੇ ਕਤਲ ਦਾ ਕੇਸ ਪਿਆ ਤਾਂ ਉਹ ਭਗੌੜਾ ਹੋ ਗਿਆ ਸੀ, ਪੁਲਿਸ ਨੇ ਓਦੋਂ ਓਸਦਾ ਟੱਬਰ ਕਿਉਂ ਨਾ ਚੁੱਕਿਆ ? ਪਰ ਦੂਜੇ ਪਾਸੇ ਅਣਖੀ ਅਤੇ ਸੰਘਰਸ਼ਸ਼ੀਲ ਸਿੰਘਾਂ ਬਾਬਤ ਕੋਈ ਵੀ ਗੱਲ ਹੋਵੇ ਤਾਂ ਪੁਲਿਸ ਹੱਦੋਂ ਵੱਧ ਕੇ ਪਰਿਵਾਰਾਂ ਨੂੰ ਪ੍ਰੇਸ਼ਾਨ ਕਰਦੀ ਹੈ ਅਤੇ ਹਿਰਾਸਤ ਵਿੱਚ ਲੈ ਲੈਂਦੀ ਹੈ, ਜ਼ੁਲਮ ਕਰਦੀ ਹੈ। ਇਹ ਕਿਹੜਾ ਕਾਨੂੰਨ ਅਤੇ ਸੰਵਿਧਾਨ ਹੈ ? ਭਾਈ ਅਵਤਾਰ ਸਿੰਘ ਖੰਡਾ ਦੋ ਸਾਲ ਹੋ ਗਏ ਸਾਡੇ ਵਿੱਚ ਸਰੀਰਕ ਤੌਰ ਉੱਤੇ ਨਹੀਂ ਰਹੇ, ਪਰ ਸਾਨੂੰ ਯਾਦ ਹੈ ਕਿ ਪੁਲਿਸ ਨੇ ਸੰਨ 2023 ਵਿੱਚ ਉਹਨਾਂ ਦੀ ਭੈਣ ਅਤੇ ਮਾਤਾ ਚਰਨਜੀਤ ਕੌਰ ਨੂੰ ਵੀ ਬੇਵਜ੍ਹਾ ਚੁੱਕ ਕੇ ਕਈ ਦਿਨ ਥਾਣਿਆਂ ਵਿੱਚ ਰੱਖਿਆ ਸੀ ? ਇਹੀ ਕੁਝ 1980-90 ਦੇ ਦਹਾਕੇ ਵਿੱਚ ਸਾਡੇ ਜੁਝਾਰੂ ਸਿੰਘਾਂ ਅਤੇ ਆਮ ਸਿੱਖ ਪਰਿਵਾਰਾਂ ਦੇ ਨਾਲ ਹੁੰਦਾ ਰਿਹਾ। ਇਹ ਪੁਲਿਸ ਅਤੇ ਸਰਕਾਰ ਦਾ ਸਿੱਖ ਕੌਮ ਪ੍ਰਤੀ ਜ਼ਾਲਮਾਨਾ ਵਤੀਰਾ ਹੈ। ਸਿੱਖਾਂ ਖਿਲਾਫ ਨਫਰਤ ਫੈਲਾਉਣ ਵਾਲੇ ਅਤੇ ਸਮਾਜ ਵਿੱਚ ਅਸ਼ਲੀਲਤਾ ਫੈਲਾਉਣ ਵਾਲੇ ਸੋਸ਼ਲ ਮੀਡੀਆ ਖਾਤੇ ਸਰਕਾਰ ਨੇ ਕਦੇ ਬੰਦ ਨਹੀਂ ਕੀਤੇ, ਪਰ ਗੁਰਸਿੱਖੀ ਦਾ ਪ੍ਰਚਾਰ ਤੇ ਕੌਮੀ ਹੱਕਾਂ ਦੀ ਗੱਲ ਕਰਨ ਵਾਲੇ ਲੋਕਾਂ ਦੇ ਫੇਸਬੁੱਕ ਅਤੇ ਇੰਸਟਾ ਖਾਤੇ ਸਰਕਾਰ ਅਕਸਰ ਹੀ ਬੰਦ ਕਰ ਦਿੰਦੀ ਹੈ।ਮਤਲਬ ਕਿ ਸਰਕਾਰ ਸਾਡੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ, ਸਹੀ ਗੱਲ ਦੀ ਤਾਂ ਸਰਕਾਰ ਸੰਘੀ ਘੁੱਟ ਦਿੰਦੀ ਹੈ ਅਤੇ ਗਲਤ ਗੱਲ ਨੂੰ ਸਮਾਜ ਵਿੱਚ ਫੈਲਣ ਲਈ ਖੁੱਲ੍ਹਾ ਛੱਡ ਦਿੰਦੀ ਹੈ। ਸਿੱਖ ਲੰਬੇ ਸਮੇਂ ਤੋਂ ਦੁਖੀ ਨੇ, ਚਿੰਤਤ ਨੇ, ਸੰਘਰਸ਼ਸ਼ੀਲ ਨੇ ਕਿ ਗੁਰੂਆਂ, ਸ਼ਹੀਦਾਂ ਤੇ ਸੂਰਬੀਰਾਂ ਦੇ ਪੰਜਾਬ ਨੂੰ ਅਸੀਂ ਗੰਧਲਾ ਨਹੀਂ ਹੋਣ ਦੇਣਾ, ਇਸ ਦੀ ਰਾਖੀ ਕਰਨੀ ਹੈ।ਪਰ ਕੁਝ ਲੋਕ ਪੰਜਾਬ ਨੂੰ ਨਸ਼ਿਆਂ ਅਤੇ ਅਸ਼ਲੀਲਤਾ ਦਾ ਅੱਡਾ ਬਣਾਉਣਾ ਚਾਹੁੰਦੇ ਹਨ, ਜੋ ਖ਼ਾਲਸਾ ਪੰਥ ਅਤੇ ਦੇਸ ਪੰਜਾਬ ਦੇ ਵਾਸੀ ਬਰਦਾਸ਼ਤ ਨਹੀਂ ਕਰਨਗੇ। ਜ਼ਿਕਰਯੋਗ ਹੈ ਕਿ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਅਤੇ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਮਲੋਆ ਦੇ ਯਤਨਾਂ ਸਦਕਾ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਪਰਿਵਾਰ ਨੂੰ ਪੁਲਿਸ ਨੇ ਛੱਡ ਦਿੱਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਚੰਨਣਕੇ ਦੀਆਂ 4 ਵਿਦਿਆਰਥਣਾਂ ਨੇ ਕੀਤਾ ‘ਨੀਟ’ ਕੁਆਲੀਫਾਈ

ਚੌਂਕ ਮਹਿਤਾ,17ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਚੰਨਣਕੇ (ਅੱਡਾ ਨਾਥ ਦੀ ਖੂਹੀ) ਦੀਆਂ 4 ਵਿਦਿਆਰਥਣਾਂ ਨੇ ਨੈਸ਼ਨਲ ਅਲਿਜ਼ੀਬਿਲਟੀ ਕਮ ਐਨਟਰੱਸ ਟੈਸਟ ‘ਨੀਟ’ ਕੁਆਲੀਫਾਈ ਕਰਕੇ ਇਲਾਕੇ ‘ਚ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ ਸਕੂਲ ਪ੍ਰਿੰਸੀਪਲ ਰਿਤੂ ਖਨੇਜਾ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਨਿਮਰਤਪ੍ਰੀਤ ਕੌਰ ਨੇ 407, ਗੁਰਮਨਪ੍ਰੀਤ ਕੌਰ ਨੇ 395, ਮਸਕਾਨਪ੍ਰੀਤ ਕੌਰ ਨੇ 317 ਤੇ ਨਵਕਿਰਨ ਕੌਰ ਨੇ 205 ਅੰਕ ਸਕੋਰ ਕਰਦੇ ਹੋਏ ਇਹ ਟੈਸਟ ‘ਚ ਪ੍ਰਵੇਸ਼ ਕੀਤਾ ਹੈ।




ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਕੁਲਜੀਤ ਸਿੰਘ ਬਾਠ ਤੇ ਡਾਇਰੈਕਟਰ ਸ੍ਰੀਮਤੀ ਕੁਲਵੰਤ ਕੌਰ ਬਾਠ ਨੇ ਬੱਚੀਆਂ ਦੀ ਹੌਂਸਲਾ ਅਫਜਾਈ ਕਰਦੇ ਹੋਏ ਕਿਹਾ ਕਿ ਸਾਡੇ ਸਕੂਲ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਤੇ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇੰਨ੍ਹਾਂ ਹੋਣਹਾਰ ਬੱਚੀਆਂ ਵੱਲੋਂ ਦਿਲ ਲਗਾ ਕੇ ਪੂਰੀ ਲਗਨ ਨਾਲ ਕੀਤੀ ਗਈ ਸਖਤ ਮਿਹਨਤ ਨੂੰ ਬੂਰ ਪਿਆ ਹੈ ਉਨ੍ਹਾਂ ਨੇ ਚਾਰੋਂ ਬੱਚੀਆਂ ਨੂੰ ਵਧਾਈ ਦਿੰਦੇ ਹੋਏ ਇੱਕ ਉਜਵਲ ਤੇ ਚੰਗੇਰੇ ਭਵਿੱਖ ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

ਹਠੂਰ ਵਿੱਚ 15 ਰੋਜ਼ਾ ਸਿੱਖੀ ਸੰਭਾਲ ਕੈਂਪ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ

# ਦਸਤਾਰ, ਦੁਮਾਲਾ ਅਤੇ ਗੁਰਮਤਿ ਮੁਕਾਬਲੇ ਵਿੱਚ ਜੇਤੂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਕੀਤਾ ਸਨਮਾਨਿਤ








ਹਠੂਰ/ਜਗਰਾਉਂ -(ਵਰਿਆਮ ਹਠੂਰ) ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਕਸਬਾ ਹਠੂਰ ਦੀ ਧਰਤੀ ਤੇ ਸ਼ਸ਼ੋਭਿਤ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਜੂਨ 1984 ਘੱਲੂਘਾਰੇ ਦੇ ਸਮੂਹ ਸ਼ਹੀਦ ਸਿੰਘਾਂ ਸਿੰਘਣੀਆਂ ਦੀ ਸ਼ਹੀਦੀ ਨੂੰ ਸਮਰਪਿਤ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਅਤੇ ਕੈਲੇਫੋਰਨੀਆਂ ਗੱਤਕਾ ਦਲ ਯੂ ਐੱਸ ਏ ਵੱਲੋਂ ਸਮੂਹ ਗ੍ਰਾਮ ਪੰਚਾਇਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ 1 ਜੂਨ ਤੋਂ ਲੈਕੇ 15 ਜੂਨ ਤੱਕ ਸਿੱਖੀ ਸੰਭਾਲ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ, ਕੈਂਪ ਵਿੱਚ ਬੱਚਿਆਂ ਨੂੰ ਦਸਤਾਰ ਸਿਖਲਾਈ, ਦੁਮਾਲਾ ਸਿਖਲਾਈ, ਕੀਰਤਨ ਕਰਨਾ, ਪਾਠ ਕਰਨਾ, ਅਰਦਾਸ ਕਰਨਾ, ਨਗਾਰਾ ਵਜਾਉਣਾ, ਸਮੇਤ ਬੱਚਿਆਂ ਵਿੱਚ ਅੱਛੇ ਸੰਸਕਾਰ ਪੈਦਾ ਕਰਨ ਲਈ ਸ਼ਲਾਘਾਯੋਗ ਉਪਰਾਲੇ ਕੀਤੇ ਗਏ, ਕੈਂਪ ਦੇ ਆਖ਼ਰੀ ਦਿਨ ਬੱਚਿਆਂ ਵਿਚਕਾਰ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਉਣ ਦੇ ਨਾਲ ਨਾਲ ਗੁਰਮਤਿ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਬੱਚਿਆਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਸਨਮਾਨ ਸਮਾਗਮ ਮੌਕੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਜੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਇਸ ਮੌਕੇ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਵੱਲੋਂ ਵਿਸ਼ੇਸ਼ ਤੌਰ ਤੇ ਸੇਵਾਦਾਰਾਂ ਸਹਿਯੋਗੀਆਂ ਨੂੰ ਵੀ ਵਿਸ਼ੇਸ਼ ਤੌਰ ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਸਤਿਕਾਰਯੋਗ ਤੇ ਮਾਣਮੱਤੀ ਸ਼ਖ਼ਸੀਅਤ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ ਨੇ ਕਿਹਾ ਕਿ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਅਤੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ ਹਠੂਰ ਵਧਾਈ ਦੇ ਪਾਤਰ ਹਨ ਜਿਨ੍ਹਾਂ ਦੇ ਉੱਦਮ ਨਾਲ ਬੱਚਿਆਂ ਨੂੰ ਸਿੱਖੀ ਦਾ ਜਾਗ ਲੱਗ ਰਿਹਾ ਹੈ। ਕੈਂਪ ਵਿੱਚ ਬੱਚਿਆਂ ਨੇ ਪੰਦਰਾਂ ਦਿਨਾਂ ਅੰਦਰ ਜੋ ਵੀ ਸਿੱਖਿਆ ਉਸ ਦਾ ਨਤੀਜਾ ਸ਼ਾਨਦਾਰ ਰਿਹਾ, ਬੱਚਿਆਂ ਨੂੰ ਸਿੱਖੀ ਨਾਲ ਜੋੜਨ ਵਾਲੇ ਅਜਿਹੇ ਕੈਂਪ ਹੋਰਨਾਂ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਸੰਗਤਾਂ ਨੂੰ ਲਗਵਾਉਣੇ ਚਾਹੀਦੇ ਹਨ। ਤਾਂ ਜੋ ਬੱਚਿਆਂ ਦਾ ਬਚਪਨ ਤੋਂ ਹੀ ਸਿੱਖੀ ਪ੍ਰਤੀ ਮੋਹ ਪੈਦਾ ਹੋਵੇ ਅੰਤ ਵਿੱਚ ਉਨ੍ਹਾਂ ਕੈਂਪ ਅਤੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ, ਅਤੇ ਜੇਤੂ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ, ਤੇ ਕੈਂਪ ਲਈ ਗਿਆਰਾਂ ਹਜ਼ਾਰ ਰੁਪਏ ਦਾ ਸਹਿਯੋਗ ਵੀ ਦਿੱਤਾ, ਇਸ ਮੌਕੇ ਪੰਚ ਜਗਦੇਵ ਸਿੰਘ ਬੱਬੂ ਗਰੇਵਾਲ ਨੇ ਸਮੂਹ ਬੱਚਿਆਂ ਨੂੰ ਮੁਬਾਰਕਾਂ ਦਿੰਦਿਆਂ ਸ਼ਲਾਘਾਯੋਗ ਉਪਰਾਲੇ ਲਈ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦਾ ਧੰਨਵਾਦ ਕੀਤਾ, ਇਸ ਮੌਕੇ ਗੱਲਬਾਤ ਕਰਦਿਆਂ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ ਨੇ ਕਿਹਾ ਕਿ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਅਤੇ ਕੈਲੇਫੋਰਨੀਆਂ ਗੱਤਕਾ ਦਲ ਯੂ ਐੱਸ ਏ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸਮੇਂ ਸਮੇਂ ਤੇ ਗੁਰਸੰਗਤਾਂ ਦੇ ਸਹਿਯੋਗ ਸਦਕਾ ਅਜਿਹੇ ਉਪਰਾਲੇ ਕੀਤੇ ਜਾਂਦੇ ਹਨ। ਤੇ ਬੱਚਿਆਂ ਨੂੰ ਗੱਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਤੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਪਤਿਤਪੁਣੇ ਤੋਂ ਮੁੜ ਗੁਰਸਿੱਖੀ ਨਾਲ ਜੋੜਨ ਲਈ ਸਲਾਨਾ ਗੱਤਕਾ ਕੱਪ ਵੀ ਕਰਵਾਇਆ ਜਾਂਦਾ ਹੈ। ਅਜਿਹੇ ਉਪਰਾਲੇ ਗੁਰੂ ਸਾਹਿਬ ਦੀ ਕਿਰਪਾ ਸਦਕਾ ਅੱਗੇ ਵੀ ਜਾਰੀ ਰਹਿਣਗੇ। ਅੰਤ ਵਿੱਚ ਉਨ੍ਹਾਂ ਸਹਿਯੋਗੀ ਸੇਵਾਦਾਰਾਂ ਅਤੇ ਸਮੂਹ ਗੁਰਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਮੌਕੇ ਇਤਿਹਾਸਕ ਗੁਰੂ ਘਰ ਦੇ ਵਜੀਰ ਅਤੇ ਕਥਾਵਾਚਕ ਭਾਈ ਗੁਰਜੰਟ ਸਿੰਘ ਖ਼ਾਲਸਾ (ਰਸੂਲਪੁਰ ਵਾਲੇ) ਨੇ ਜੇਤੂ ਬੱਚਿਆਂ ਨੂੰ ਵਧਾਈਆਂ ਦਿੱਤੀਆਂ, ਇਸ ਮੌਕੇ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਪੰਚ ਜਗਦੇਵ ਸਿੰਘ ਬੱਬੂ ਗਰੇਵਾਲ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਰਜਿੰਦਰ ਸਿੰਘ ਧਾਲੀਵਾਲ, ਜੇ.ਈ ਤਰਲੋਚਨ ਸਿੰਘ ਹਠੂਰ, ਪੰਚ ਮੁਖਤਿਆਰ ਸਿੰਘ, ਕਵੀਸ਼ਰ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਹਰਜੀਤ ਸਿੰਘ, ਮੁਖਤਿਆਰ ਸਿੰਘ ਖਾਲਸਾ, ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ।

## ਬੱਚਿਆਂ ਨੂੰ ਲੱਗ ਰਿਹਾ ਸਿੱਖੀ ਦਾ ਜਾਗ - ਦਵਿੰਦਰ ਸਿੰਘ ਬੱਬੀ ਗਰੇਵਾਲ



# ਡਬਲਊਐਸਸੀਸੀ ਵਲੋਂ ਸਿੱਖ ਕਾਰੋਬਾਰ ਅਤੇ ਭਾਰਤ ਦੀ ਵਿਕਾਸ ਲਈ ਮਾਸਿਕ ਮੀਟਿੰਗ

**ਨਵੀਂ ਦਿੱਲੀ 17 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਡਬਲਊਐਸਸੀਸੀ ਵਲੋਂ ਐਮਐਸਐਮਈ ਇਕ ਕਾਰੋਬਾਰੀ ਮੀਟਿੰਗ ਸਿੱਖ ਕਾਰੋਬਾਰ ਅਤੇ ਭਾਰਤ ਦੀ ਵਿਕਾਸ ਲਈ ਨਵੀਂ ਦਿੱਲੀ ਦੇ ਕੰਸਟੀਚਿਊਸ਼ਨ ਕਲੱਬ ਆਫ਼ ਇੰਡੀਆ ਵਿਖੇ ਆਪਣੀ ਮਾਸਿਕ ਮੀਟਿੰਗ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਇਸ ਸਮਾਗਮ ਵਿਚ ਦਿੱਲੀ, ਗੁਰੂਗ੍ਰਾਮ, ਨੋਇਡਾ, ਗਾਜ਼ੀਆਬਾਦ ਅਤੇ ਫਰੀਦਾਬਾਦ ਸਮੇਤ ਦਿੱਲੀ ਐਨਸੀਆਰ ਦੇ 90 ਤੋਂ ਵੱਧ ਸਿੱਖ ਉੱਦਮੀਆਂ, ਪੇਸ਼ੇਵਰਾਂ, ਉਦਯੋਗ ਦੇ ਆਗੂਆਂ ਨੂੰ ਇਕੱਠਾ ਕੀਤਾ। ਕਾਰੋਬਾਰੀ ਨੈੱਟਵਰਕਿੰਗ ਅਤੇ ਸਹਿਯੋਗ ਦੀ ਇਹ ਸ਼ਕਤੀਸ਼ਾਲੀ ਸ਼ਾਮ ਸਿੱਖ ਵਪਾਰਕ ਭਾਈਚਾਰੇ ਨੂੰ ਉੱਚਾ ਚੁੱਕਣ ਅਤੇ ਭਾਰਤ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ 'ਤੇ ਕੇਂਦ੍ਰਿਤ ਸੀ। ਜਿਸ ਦੀਆਂ ਕੁਝ ਮੁੱਖ ਗੱਲਾਂ ਲੀਡਰਸ਼ਿਪ ਅਤੇ ਵਪਾਰਕ ਹੁਨਰਾਂ 'ਤੇ ਐਕਸਪੀਰੇਂਟੀਆ ਦੁਆਰਾ ਸਿਖਲਾਈ ਸੈਸ਼ਨ, ਗੁਰੂਗ੍ਰਾਮ ਵਿੱਚ ਕਿਫਾਇਤੀ ਰਿਹਾਇਸ਼ੀ ਨਵੀਨਤਾ 'ਤੇ ਹੋਰਾਈਜ਼ਨ ਫਲੋਰਜ਼ (ਗੁਲਿਆਨੀ ਗਰੁੱਪ) ਦੁਆਰਾ ਵਪਾਰਕ ਪੇਸ਼ਕਾਰੀ, ਰੋਜ਼ਾ ਹਰਬਲਕੇਅਰ, ਇੰਗਲਿਸ਼ ਬ੍ਰਾਊਨ ਅਤੇ ਇਕੁਇਟਾਸ ਬੈਂਕ ਦੁਆਰਾ ਵਿਸ਼ੇਸ਼ ਪ੍ਰਸ਼ੰਸਾ ਤੋਹਫ਼ੇ, ਡਬਲਊਐਸਸੀਸੀ ਦੇ ਅਧੀਨ ਇੱਕ ਨਵੀਂ ਰੀਅਲ ਅਸਟੇਟ ਪਹਿਲ, ਡਬਲਊ.ਐਸ ਰੇਲਟੋਰਸ ਦੀ ਸ਼ੁਰੂਆਤ, ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਵੱਖ ਵੱਖ ਗਰੁੱਪਾਂ ਨਾਲ ਸਮਝੌਤੇ 'ਤੇ ਦਸਤਖਤ। ਇਸ ਮੌਕੇ ਹਰੇਕ ਹਾਜ਼ਰ ਵਿਅਕਤੀ ਨੂੰ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਅਤੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਇੱਕ ਐਮਐਸਐਮਈ ਸਸ਼ਕਤੀਕਰਨ ਸਰਟੀਫਿਕੇਟ ਪ੍ਰਾਪਤ ਹੋਇਆ। ਇਸ ਮੌਕੇ ਡਬਲਊਐਸਸੀਸੀ ਗਲੋਬਲ ਚੇਅਰਮੈਨ, ਡਾ. ਪਰਮੀਤ ਸਿੰਘ ਚੱਢਾ ਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਜ਼ੋਰ ਦੇ ਕੇ ਕਿਹਾ, ਨੈੱਟਵਰਕਿੰਗ ਸਿਰਫ਼ ਕਾਰੋਬਾਰ ਬਾਰੇ ਨਹੀਂ ਹੈ, ਇਹ ਸਾਡੇ ਭਾਈਚਾਰੇ ਅਤੇ ਸਾਡੇ ਰਾਸ਼ਟਰ ਨੂੰ ਬਣਾਉਣ ਬਾਰੇ ਹੈ। ਐਮਐਸਐਮਈ ਭਾਰਤ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਸਾਨੂੰ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਲੈ ਜਾਣਗੇ। ਡਬਲਊਐਸਸੀਸੀ ਮਾਸਿਕ ਮੀਟਿੰਗ ਭਾਈਚਾਰਕ ਬੰਧਨਾਂ ਨੂੰ ਮਜ਼ਬੂਤ ? ?ਕਰਨ, ਉੱਦਮਤਾ ਨੂੰ ਉਤਸ਼ਾਹਿਤ ਕਰਨ ਅਤੇ ਐਮਐਸਐਮਈ ਸਸ਼ਕਤੀਕਰਨ ਰਾਹੀਂ ਭਾਰਤ ਦੇ ਵਿਕਾਸ ਨੂੰ ਤੇਜ਼ ਕਰਨ ਵਿੱਚ ਇੱਕ ਮੁੱਖ ਭੂਮਿਕਾ ਨਿਭਾਉਂਦੀ ਰਹਿੰਦੀ ਹੈ।




# 'ਆਮ ਆਦਮੀ ਪਾਰਟੀ ਜਿਮਨੀ ਚੌਣ ਬਹੁਤ ਸਾਨ ਜਿੱਤਣਗੇ-ਔਜਲਾ, ਸਰਾਂ



**ਚੌਕ ਮਹਿਤਾ, 18 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਨੂੰ ਜੋ ਸੁੱਖ ਸਹੂਲਤਾਂ ਦਿੱਤੀਆਂ ਹਨ, ਲੋਕ ਲੁਧਿਆਣਾ ਦੀ ਜ਼ਿਮਨੀ ਚੋਣ ਵਿਚ ਆਪ ਦੇ ਉਮੀਦਵਾਰ ਨੂੰ ਸ਼ਾਨ ਨਾਲ ਜਿਤਾਉਣਗੇ। ਇਹ ਵਿਚਾਰ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਅਰੀਵਾਲ, ਬਲਜੀਤ ਸਿੰਘ ਸਰਾਂ ਐਸ ਸੀ ਸੈਲ ਦੇ ਜਨਰਲ ਸਕੱਤਰ ਪੰਜਾਬ, ਨੇ ਚੋਣ ਪ੍ਰਚਾਰ ਦੌਰਾਨ ਕੀਤਾ। ਇਸ ਸਮੇਂ ਉਨ੍ਹਾਂ ਨਾਲ ਸੀਨੀਅਰ 'ਆਪ' ਆਗੂ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਹਰੀਵਾਲ, ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਤੋਂ ਸਾਥੀਆਂ ਸਮੇਤ ਚੋਣ ਪ੍ਰਚਾਰ ਲਈ ਲੁਧਿਆਣਾ ਪਹੁੰਚੇ ਹੋਏ ਹਨ। ਇਸ ਸਮੇਂ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਅਰੀਵਾਲ, ਨੇ ਆਖਿਆ ਕਿ ਲੁਧਿਆਣਾ ਪੱਛਮੀ ਵਾਰਡ ਨੰ: 63 ਤੋਂ 'ਆਪ' ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਨੂੰ ਲੋਕ 19 ਜੂਨ ਨੂੰ ਹੋਣ ਵਾਲੀ ਜ਼ਿਮਨੀ ਚੋਣ ਵਿਚ ਇਕ ਤਰਫ਼ਾ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿਤਾਉਣਗੇ। ਇਸ ਮੌਕੇ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਹਰੀਵਾਲ ,ਪ੍ਰਧਾਨ ਬਲਜੀਤ ਸਿੰਘ ਸਰਾਂ ਜਰਨਲ ਸਕੱਤਰ ਐਸ ਸੀ ਸਸਨ ਪੰਜਾਬ, ਸੈਕਟਰੀ ਦਲਜੀਤ ਸਿੰਘ ਬੁੰਡਾਲਾ ਤੇ ਹੋਰ 'ਆਪ' ਆਗੂ ਹਾਜ਼ਰ ਸਨ।

# ਖਾਲਸਾ ਕਾਲਜ ਅਤੇ ਹਰਿਆਣਾ ਗਿਆਨ ਨਿਗਮ ਲਿਮ: ਦਰਮਿਆਨ ਹੋਇਆ ਸਮਝੌਤਾ

**ਅੰਮ੍ਰਿਤਸਰ, 17 ਜੂਨ (ਆਵਾਜ਼ਿ ਕੌਮ ਬਿਊਰੋ)**—ਖਾਲਸਾ ਕਾਲਜ ਨੇ ਹਰਿਆਣਾ ਸਰਕਾਰ ਦੁਆਰਾ ਪ੍ਰਮਾਣਿਤ ਕੀਤੇ ਗਏ ਹਰਿਆਣਾ ਗਿਆਨ ਨਿਗਮ ਲਿਮਟਿਡ (ਐੱਚ. ਕੇ. ਸੀ. ਐੱਲ.) ਨਾਲ ਸਮਝੌਤਾ ਪੱਤਰ 'ਤੇ ਦਸਤਖ਼ਤ ਕੀਤੇ ਹਨ। ਇਸ ਸਮਝੌਤੇ ਮੁਤਾਬਕ ਐੱਚ. ਕੇ. ਸੀ. ਐੱਲ. ਰਾਸ਼ਟਰੀ ਸਿੱਖਿਆ ਨੀਤੀ (ਐੱਨ. ਈ. ਪੀ.-2020), ਰਾਸ਼ਟਰੀ ਕ੍ਰੈਡਿਟ ਫ਼ਰੇਮਵਰਕ-2023, ਰਾਸ਼ਟਰੀ ਉੱਚ ਸਿੱਖਿਆ ਯੋਗਤਾ ਫਰੇਮਵਰਕ ਦੇ ਪਰਿਵਰਤਨਸ਼ੀਲ ਸਿਧਾਂਤਾਂ ਦੀ ਪਾਲਣਾ 'ਚ ਅਤੇ ਐੱਨ. ਈ. ਪੀ. ਨੂੰ ਲਾਗੂ ਕਰਨ ਲਈ ਯੂ. ਜੀ. ਸੀ., ਏ. ਆਈ. ਸੀ. ਟੀ. ਈ. ਆਦਿ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ 'ਚ ਕਾਲਜ 'ਚ ਬਹੁ-ਅਨੁਸ਼ਾਸਨੀ ਉੱਚ ਸਿੱਖਿਆ ਈਕੋਸਿਸਟਮ ਬਣਾਉਣ 'ਚ ਲੌਜਿਸਟਿਕ ਸਹਾਇਤਾ ਪ੍ਰਦਾਨ ਕਰੇਗਾ। ਉਕਤ ਸਮਝੌਤੇ ਸਬੰਧੀ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਅਤੇ ਖਾਲਸਾ ਗਲੋਬਲ ਰੀਚ ਸਕਿੱਲ ਡਿਵੈਲਪਮੈਂਟ ਸੈਂਟਰ ਦੇ ਡਾਇਰੈਕਟਰ ਡਾ. ਅਜੈ ਸਹਿਗਲ ਨੂੰ ਇਸ ਨਵੀਨਤਾਕਾਰੀ ਕਦਮ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰਿੰ: ਡਾ. ਰੰਧਾਵਾ ਅਤੇ ਐੱਚ. ਕੇ. ਸੀ. ਐੱਲ. ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ. ਈ. ਓ. ਸ੍ਰੀ ਅਭਿਜੀਤ ਕੁਲਕਰਨੀ ਦਰਮਿਆਨ ਹੋਏ ਉਕਤ ਸਮਝੌਤੇ 'ਤੇ ਦਸਤਖ਼ਤ ਨਾਲ ਸਮਾਜ ਨੂੰ ਵੱਡੇ ਪੱਧਰ 'ਤੇ ਲਾਭ ਹੋਵੇਗਾ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਉਦੇਸ਼ ਲਈ ਕਾਲਜ ਦਾ ਖਾਲਸਾ ਗਲੋਬਲ ਰੀਚ ਸਕਿੱਲ ਡਿਵੈਲਪਮੈਂਟ ਸੈਂਟਰ ਅਤੇ ਐੱਚ. ਕੇ. ਸੀ. ਐੱਲ. ਸਾਂਝੇ ਤੌਰ 'ਤੇ ਲਗਭਗ 30 ਹੁਨਰ ਵਿਕਾਸ ਪ੍ਰੋਗਰਾਮ ਚਲਾਉਣਗੇ ਜੋ ਸਮਾਜ ਦੇ ਵੱਖ-ਵੱਖ ਖੇਤਰਾਂ 'ਚ ਹੁਨਰਮੰਦ ਪੇਸ਼ੇਵਰ ਪੈਦਾ ਕਰਨਗੇ।





### ਹਰਿਆਣਾ ਕਮੇਟੀ ਸੀਨੀਅਰ ਮੀਤ ਪ੍ਰਧਾਨ ਵੱਲੋਂ

# ਸ਼ੁਕਰਾਨਾ ਸਮਾਗਮ ਪਿੰਜੌਰ ਵਿਖੇ ਚੜ੍ਹਦੀਕਲਾ ਨਾਲ ਹੋਇਆ ਸੰਪੰਨ



**ਕਾਲਕਾ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਕਾਲਕਾ ਤੋਂ ਸ੍ਰੋਮਣੀ ਅਕਾਲੀ ਦਲ ਆਜ਼ਾਦ ਦੇ ਜਿੱਤੇ ਮੈਂਬਰ ਸਰਦਾਰ ਗੁਰਮੀਤ ਸਿੰਘ ਰਾਮਸਰ ਵੱਲੋਂ ਹਰਿਆਣਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਹੋਣ ਦੀ ਖੁਸ਼ੀ ਵਿੱਚ ਗੁਰੂ ਅਤੇ ਸੰਗਤਾਂ ਦਾ ਸ਼ੁਕਰਾਨਾ ਕੀਤਾ ਗਿਆ ਇਸ ਸਮੇਂ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਅਤੇ ਭਾਈ ਮਨਜਿੰਦਰ ਸਿੰਘ ਰਬਾਬੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾਂ ਨੇ ਰਸਭਿੰਨਾ ਕੀਰਤਨ ਕੀਤਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਵੱਲੋਂ ਗੁਰਮਤਿ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ ਗਈ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਗਦੀਸ਼ ਸਿੰਘ ਝੀਂਡਾ ਨੇ ਜਿੱਥੇ ਸੰਗਤਾਂ ਦਾ ਧੰਨਵਾਦ ਕੀਤਾ ਉੱਥੇ ਇਸ ਇਲਾਕੇ ਵਿੱਚ ਇੱਕ ਸਕੂਲ ਖੋਲਣ ਦਾ ਵੀ ਐਲਾਨ ਕੀਤਾ ਹਲਕਾ ਪੰਜੌਰ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਪੁੱਜੀਆਂ ਹੋਈਆਂ ਸਨ ਸ਼ੁਕਰਾਨਾ ਸਮਾਗਮ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਗਦੀਸ਼ ਸਿੰਘ ਝੀਂਡਾ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ,ਸਰਦਾਰ ਗੁਰਬੀਰ ਸਿੰਘ ਤਲਾਕੌਰ ਮੀਤ ਪ੍ਰਧਾਨ,ਸਰਦਾਰ ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਨਰਲ ਸਕੱਤਰ,ਸਰਦਾਰ ਸਵਰਨ ਸਿੰਘ ਬੁੰਗਾ ਟਿੱਬੀ ਚੇਅਰਮੈਨ ਖਰੀਦ ਵਿੰਗ,ਬੀਬੀ ਕਰਤਾਰ ਕੌਰ ਸ਼ਾਹਬਾਦ ਚੇਅਰਮੈਨ ਹੈਲਥ ਵਿੰਗ,ਸਰਦਾਰ ਰਜਿੰਦਰ ਸਿੰਘ ਬਰਾੜਾ ਚੇਅਰਮੈਨ ਐਨ ਆਰ ਆਈ ਵਿੰਗ,ਸਰਦਾਰ ਸੁਖਜਿੰਦਰ ਸਿੰਘ ਤੂਰ ਸਾਬਕਾ ਮੈਂਬਰ,ਸਰਦਾਰ ਇੰਦਰਜੀਤ ਸਿੰਘ ਵਾਸੂਦੇਵਾ ਸਾਬਕਾ ਮੈਂਬਰ,ਸ੍ਰੀ ਤਰੁਨ ਭੰਡਾਰੀ ਰਾਜਨੀਤਿਕ ਸਲਾਹਕਾਰ ਮੁੱਖ ਮੰਤਰੀ ਹਰਿਆਣਾ,ਸ੍ਰੀਮਤੀ ਸ਼ਕਤੀ ਰਾਣੀ ਵਿਧਾਇਕ ਕਾਲਕਾ ਨੇ ਵੀ ਹਾਜ਼ਰੀ ਭਰੀ ਸਰਦਾਰ ਗੁਰਮੀਤ ਸਿੰਘ ਮੀਤਾ ਰਾਮਸਰ ਸੀਨੀਅਰ ਮੀਤ ਪ੍ਰਧਾਨ ਨੇ ਆਈਆਂ ਸਿੱਖ ਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕੀਤਾ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਆਵਾਜ਼ਿ ਕੌਮ AWAZE QAUM International Newspaper & WEB TV




# 'ਪੰਜਾਬੀ ਦੁਨੀਆ ਰਸਾਲੇ' ਦੇ ਅੰਕ ਲਈ ਖੋਜ -ਪੱਤਰਾਂ ਦੀ ਮੰਗ : ਖੋਜ ਅ.ਫਸਰ ਡਾ. ਰਾਜੇਸ਼ ਕੁਮਾਰ

**ਪਠਾਨਕੋਟ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਸਾਹਿਤ, ਸਭਿਆਚਾਰ ਅਤੇ ਕਲਾ ਦੇ ਪ੍ਰਚਾਰ-ਪਾਸਾਰ ਦੇ ਉਦੇਸ਼ ਹਿੱਤ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਜੀ ਵੱਲੋਂ ਸਮੇਂ-ਸਮੇਂ 'ਤੇ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿੱਚ ਰਸਾਲੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸ ਸੰਬੰਧੀ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਦੇ ਖੋਜ ਅਫ਼ਸਰ ਡਾ. ਰਾਜੇਸ਼ ਕੁਮਾਰ ਨੇ ਦੱਸਿਆ ਕਿ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਰਸਾਲੇ 'ਪੰਜਾਬੀ ਦੁਨੀਆ' ਦਾ ਇਸ ਵਾਰ 'ਡਾ.ਜਗਤਾਰ' ਦੇ ਸੰਬੰਧ ਵਿੱਚ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾਣਾ ਹੈ। ਉਨ੍ਹਾ ਸਮੂਹ ਸਾਹਿਤਕਾਰਾਂ/ਲੇਖਕਾਂ ਨੂੰ ਅਪੀਲ ਕੀਤੀ ਕਿ ਇਸ ਰਸਾਲੇ ਨੂੰ ਪ੍ਰਕਾਸ਼ਿਤ ਕੀਤੇ ਜਾਣ ਵਿੱਚ ਆਪਣੀ ਭਾਗੀਦਾਰੀ ਬਣਾਉਣ ਲਈ 'ਪੰਜਾਬੀ ਦੁਨੀਆ' ਰਸਾਲੇ ਲਈ ਖੋਜ ਪੱਤਰ ਭੇਜੇ ਜਾਣ। ਖੋਜ ਪੱਤਰ ਭੇਜਣ ਸਮੇਂ ਲੇਖਕ ਵੱਲੋਂ ਮੌਲਿਕ ਅਤੇ ਅਣ-ਪ੍ਰਕਾਸ਼ਿਤ ਰਚਨਾ ਹੋਣ ਸੰਬੰਧੀ ਤਸਦੀਕ ਕਰਵਾਉਣ ਦੇ ਨਾਲ-ਨਾਲ ਆਪਣਾ ਪੂਰਾ ਪਤੇ ਸਮੇਤ ਫੋਨ ਨੰਬਰ ਵੀ ਦਰਜ ਕੀਤਾ ਗਿਆ ਹੋਵੇ। ਇਸ ਸੰਬੰਧੀ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਰਸਾਲੇ ਦੇ ਸੰਪਾਦਕ ਦੇ ਫੋਨ ਨੰਬਰ 98159-15902 'ਤੇ ਦਫ਼ਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਮੋਦੀ ਦੇ ਮੱਥੇ ਲੱਗਣ ਤੋਂ ਪਹਿਲਾਂ ਹੀ ਟਰੰਪ ਜੀ-7 'ਚੋਂ ਵਾਪਸ ਚਲਾ ਗਿਆ

# ਮੋਦੀ ਨੂੰ 'ਜੀ ਆਇਆਂ' ਕਹਿਣ ਕੋਈ ਨਾ ਪਹੁੰਚਿਆ






ਮੋਦੀ ਦੇ ਮੱਥੇ ਲੱਗਣ ਤੋਂ ਪਹਿਲਾਂ ਹੀ ਟਰੰਪ ਜੀ-7 'ਚੋਂ ਵਾਪਸ ਚਲਾ ਗਿਆ। ਕੈਨੇਡਾ ਵਾਲਿਆਂ ਨੇ ਮੋਦੀ ਨੂੰ ਜੀ ਆਇਆਂ ਕਹਿਣ ਲਈ ਨਾ ਕੋਈ ਕੇਂਦਰੀ ਮੰਤਰੀ ਭੇਜਿਆ, ਨਾ ਅਲਬਰਟਾ ਦੀ ਮੁੱਖ ਮੰਤਰੀ ਤੇ ਨਾ ਕੈਲਗਰੀ ਦੀ ਮੇਅਰ। ਸ਼ਹਿਰ ਦਾ ਇੱਕ ਪੰਜਾਬੀ ਪੰਚ (ਕੌਂਸਲਰ) ਭੇਜ ਦਿੱਤਾ। ਇੱਦੂੰ ਵੱਧ ਬੰਦੇ ਤਾਂ ਭਜਨੇ ਅਮਲੀ ਨੂੰ ਲੈਣ ਜਾਂਦੇ ਰਹੇ ਆ।

ਖ਼ੈਰ! ਸਿੱਖਸ ਫਾਰ ਜਸਟਿਸ ਦੀ ਅਗਵਾਈ ਵਿੱਚ 77 ਲਾਗੇ ਕਾਫ਼ੀ ਮੁਜ਼ਾਹਰੇ ਹੋ ਰਹੇ ਤੇ ਦੂਜੇ ਪਾਸੇ ਭਾਰਤ ਵਿੱਚ ਰਹਿੰਦੇ ਸਿੱਖਾਂ ਤੋਂ ਇਨ੍ਹਾਂ ਮੁਜ਼ਾਹਰਿਆਂ ਦੇ ਵਿਰੋਧ 'ਚ ਬਿਆਨ ਦਿਵਾਏ ਜਾ ਰਹੇ। ਇਨ੍ਹਾਂ ਮੁਜ਼ਾਹਰਿਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਇਹ ਨੀ ਪਤਾ ਕਿ ਇਹ ਕੈਨੇਡਾ ਹੈ, ਇੱਥੇ ਤਾਂ ਲੋਕ ਪ੍ਰਧਾਨ ਮੰਤਰੀ ਉਲਟ ਵੀ "ਫੱ* ਟਰੂਡੋ" ਦੇ ਸਟਿੱਕਰ ਲਾ ਕੇ ਘੁੰਮਦੇ ਰਹੇ ਹਨ, ਆਜ਼ਾਦੀ ਹੈ।

ਸਭ ਤੋਂ ਵੱਧ ਤਕਲੀਫ਼ ਦਮਦਮੀ ਟਕਸਾਲ ਦੇ ਬੁਲਾਰੇ ਹੋਣ ਦਾ ਦਾਅਵਾ ਕਰਨ ਵਾਲੇ ਪ੍ਰੋਫੈਸਰ ਸਰਚਾਂਦ ਸਿੰਘ ਨੂੰ ਹੋਈ ਹੈ, ਜਿਸਨੇ ਭਾਰਤੀ ਖ਼ਬਰ ਏਜੰਸੀ ਏਐਨਆਈ ਨੂੰ ਇਹ ਬਿਆਨ ਦਿੱਤੇ ਹਨ ਕਿ ਖਾਲਿਸਤਾਨ ਪੱਖੀ ਲੋਕ ਕੈਨੇਡਾ 'ਚ ਭਾਰਤ ਪ੍ਰਤੀ ਜ਼ਿਹਰ ਉਗਲ ਰਹੇ ਹਨ ਜਦਕਿ ਮੋਦੀ ਨੇ ਸਿੱਖਾਂ ਦੀ ਬਹੁਤ ਮਦਦ ਕੀਤੀ ਹੈ।

ਪ੍ਰੋ. ਸਰਚਾਂਦ ਸਿੰਘ ਖਿਆਲਾ, ਜੋ ਕਿ ਭਾਜਪਾ ਤੇ ਦਮਦਮੀ ਟਕਸਾਲ ਦੋਵਾਂ ਨਾਲ ਸਬੰਧ ਰੱਖਦੇ ਹਨ, ਨੇ ਕਿਹਾ ਕਿ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਦੁਨੀਆ ਵਿੱਚ ਭਾਰਤ ਦੀ ਵਧਦੀ ਮਹੱਤਤਾ ਦੇ ਮੱਦੇਨਜ਼ਰ ਜੀ-7 ਸੰਮੇਲਨ ਵਿੱਚ ਹਿੱਸਾ ਲੈਣ ਲਈ ਦਿੱਤੇ ਗਏ ਸੱਦੇ 'ਤੇ ਸਰਕਾਰੀ ਮਹਿਮਾਨ ਵਜੋਂ ਕੈਨੇਡਾ ਪਹੁੰਚੇ ਹਨ, ਇਸ ਲਈ, ਕੈਨੇਡਾ ਵਿੱਚ ਕੁਝ ਖਾਲਿਸਤਾਨੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੀਤਾ ਗਿਆ ਵਿਰੋਧ ਅਸਲ 'ਚ ਕੈਨੇਡੀਅਨ ਸਰਕਾਰ ਦਾ ਵਿਰੋਧ ਹੈ। ਇਸ ਲਈ ਪ੍ਰਦਰਸ਼ਨਕਾਰੀਆਂ ਵਿਰੁੱਧ ਕੈਨੇਡੀਅਨ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਭਾਵੇਂ ਪ੍ਰਦਰਸ਼ਨਕਾਰੀ ਆਪਣੇ ਆਪ ਨੂੰ ਕੈਨੇਡਾ ਦੇ ਨਾਗਰਿਕ ਕਹਿੰਦੇ ਹਨ, ਪਰ ਸਰਕਾਰੀ ਮਹਿਮਾਨ ਦਾ ਵਿਰੋਧ ਕਰਕੇ ਉਹ ਖ਼ੁਦ ਸਰਕਾਰ ਦਾ ਵਿਰੋਧ ਕਰ ਰਹੇ ਸਨ। ਅਜਿਹਾ ਕਰਕੇ ਖਾਲਿਸਤਾਨੀਆਂ ਨੇ ਕੈਨੇਡਾ ਦੀ ਛਵੀ ਨੂੰ ਖ਼ਰਾਬ ਕੀਤਾ ਹੈ। ਇਨ੍ਹਾਂ ਕੋਲ ਨਾ ਤਾਂ ਬੁੱਧੀ ਹੈ, ਨਾ ਸ਼ਰਮ, ਨਾ ਸਮਝ, ਨਾ ਜ਼ਮੀਰ ਹੈ ਅਤੇ ਨਾ ਹੀ ਜ਼ਮੀਨ, ਜੋ ਸਰਕਾਰੀ ਮਹਿਮਾਨ ਦਾ ਵਿਰੋਧ ਕਰਨ ਗਏ ਸਨ। ਇਹ ਲੋਕ ਕੈਨੇਡਾ ਵਿੱਚ ਰਹਿਣ ਦੇ ਲਾਇਕ ਨਹੀਂ ਹਨ, ਇਹ ਲੋਕ ਨਾ ਤਾਂ ਭਾਰਤ ਦੇ ਵਫ਼ਾਦਾਰ ਹਨ ਅਤੇ ਨਾ ਹੀ ਕੈਨੇਡਾ ਦੇ। ਪ੍ਰੋ. ਸਰਚਾਂਦ ਸਿੰਘ ਨੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਦਿਮਾਗ. ਦੀ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਦੇ ਸਾਰੇ ਭਾਈਚਾਰਿਆਂ ਅਤੇ ਧਰਮਾਂ ਦੀ ਨੁਮਾਇੰਦਗੀ ਕਰ ਰਹੇ ਹਨ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਮੋਦੀ ਦਾ ਕੈਨੇਡਾ ਵਿੱਚ ਬੇ-ਫੌਖ ਪਹੁੰਚਣਾ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਥੱਪੜ ਹੈ ਜੋ ਕੈਨੇਡਾ ਨੂੰ ਪਰੇਸ਼ਾਨ ਕਰ ਰਹੇ ਹਨ।

ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਖ ਭਾਈਚਾਰੇ ਲਈ ਅਣਥੱਕ ਮਿਹਨਤ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਪੰਥਕ ਸਟੇਜ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਮਸੀਹਾ ਦਾ ਦਰਜਾ ਦੇ ਕੇ 'ਕੌਮੀ ਸੇਵਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਲਈ ਜੋ ਕੰਮ ਕੀਤਾ ਹੈ ਉਹ ਪਿਛਲੇ 70 ਸਾਲਾਂ ਵਿੱਚ ਵੀ ਕਿਸੇ ਨੇ ਨਹੀਂ ਕੀਤਾ।

ਦਮਦਮੀ ਟਕਸਾਲ ਦੇ ਆਗੂ ਕੀ ਪ੍ਰੋ ਸਰਚਾਂਦ ਸਿੰਘ ਦੇ ਬਿਆਨ ਨਾਲ ਸਹਿਮਤ ਹਨ? ਦੇਖਦੇ ਆਂ ਕਿ ਕੌਣ ਕੌਣ ਬੋਲਦਾ।

**-ਗੁਰਪ੍ਰੀਤ ਸਿੰਘ ਸਹੋਤਾ, ਸਰੀ, ਚੜ੍ਹਦੀ ਕਲਾ**

### ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਹੇਠ

# ਹਿਮਾਚਲ ਦੇ ਨਾਲਾਗੜ੍ਹ ਵਿੱਚ ਭਰਤੀ ਵਾਪਸ ਕਰਨ ਨੂੰ ਲੈਕੇ ਵੱਡਾ ਸਮਾਗਮ





**ਨਾਲਾਗੜ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੀ ਆਕਾਲ ਤਖਤ ਸਾਹਿਬ ਜੀ ਦੇ ਹੁਕਮ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਅਰੰਭੇ ਸੰਘਰਸ਼ ਵਿਚ, ਹਿਮਾਚਲ ਦੀਆਂ ਸੰਗਤਾਂ ਨੇ ਵੀ ਡਟਣ ਦਾ ਐਲਾਨ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੇ ਨਾਲਾਗੜ ਚ ਪੰਜ ਮੈਂਬਰਾਂ ਭਰਤੀ ਕਮੇਟੀ ਦੀ ਅਗਵਾਈ ਹੇਠ ਜਾਰੀ ਭਰਤੀ ਮੁਹਿੰਮ ਨੂੰ ਇਥੋਂ ਦੀਆਂ ਸੰਗਤਾਂ ਨੇ ਵੱਡਾ ਸਮਾਗਮ ਕਰਵਾਇਆ। ਇਸ ਭਰਤੀ ਮੁਹਿੰਮ ਲਈ ਹੋਏ ਸਮਾਗਮ ਵਿੱਚ ਗਿਆਨੀ ਹਰਪ੍ਰੀਤ ਸਿੰਘ ਸਾਬਕਾ ਜੱਥੇਦਾਰ, ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ,ਭਰਤੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ ਅਤੇ ਇਕਬਾਲ ਸਿੰਘ ਝੂੰਦਾਂ, ਗੁਰਿੰਦਰ ਸਿੰਘ ਗੋਗੀ ਜ਼ਿਲਾ ਪ੍ਰਧਾਨ ਰੋਪੜ, ਗਿਆਨੀ ਮਹਿੰਦਰ ਸਿੰਘ ਤੇ ਸਰਮੁਖ ਸਿੰਘ ਖਾਸ ਤੌਰ ਤੇ ਹਾਜ਼ਰ ਰਹੇ। ਸਿਰਫ ਤੇ ਸਿਰਫ ਨਾਲਾਗੜ ਹਲਕੇ ਵਿਚੋਂ 5000 ਮੈਂਬਰ ਬਣੇ ਅਤੇ ਭਰੀਆਂ ਗਈਆਂ ਮੈਂਬਰਸ਼ਿਪ ਦੀਆਂ ਕਾਪੀਆ ਭਰਤੀ ਕਮੇਟੀ ਨੂੰ ਸੌਂਪੀਆਂ ਗਈਆਂ 9 ਭਰਤੀ ਲਈ ਅਹਿਮ ਰੋਲ ਅਦਾ ਕਰਨ ਵਾਲੇ ਸਰਦਾਰ ਸੁਰਮੁੱਖ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਕਿ ਹਿਮਾਚਲ ਪ੍ਰਦੇਸ਼ ਦੀ ਸੰਗਤ ਵਲੋਂ ਬਣਾਏ ਸਰਕਲ ਡੇਲੀਗੇਟ ਆਪਣੇ ਸਟੇਟ ਡੇਲੀਗੇਟ ਚੁਣ ਕੇ ਭੇਜਣ ਜਾ ਰਹੀ ਹੈ। ਇਸ ਤੋਂ ਪਹਿਲਾਂ ਇਤਿਹਾਸ ਵਿੱਚ ਅਜਿਹਾ ਕਦੇ ਨਹੀਂ ਹੋ ਪਾਇਆ। ਹਿਮਾਚਲ ਸਟੇਟ ਲਈ ਵੀ ਦੂਜੀ ਸਟੇਟ ਦੇ ਵਿਅਕਤੀ ਨੂੰ ਨੁਮਾਇਦਾ ਬਣਾਕੇ ਡੇਲੀਗੇਟ ਚੁਣਿਆ ਜਾਂਦਾ ਰਿਹਾ ਹੈ।

**ਇਤਿਹਾਸ ਰਚਣ ਜਾ ਰਿਹਾ ਹੈ ਹਿਮਾਚਲ, ਪਹਿਲੀ ਵਾਰ ਸਰਕਲ ਡੇਲੀਗੇਟ ਖ਼ੁੱਦ ਚੁਣਨਗੇ ਸਟੇਟ ਡੇਲੀਗੇਟ**

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਕੌਮ ਅਤੇ ਪੰਥ ਲਈ ਸਿੱਖ ਸੰਗਤਾਂ ਨੂੰ ਇਕੱਠਾ ਹੋਣ ਦੀ ਲੋੜ ਹੈ। ਕੌਮ ਦੇ ਵਧੇਰੇ ਹਿੱਤਾਂ ਲਈ ਆਪਸੀ ਮਤਭੇਦ ਭੁਲਾ ਕੇ ਸਭ ਨੂੰ ਇੱਕ ਪਲੇਟਫਾਰਮ ਤੇ ਆਓਣ ਦੀ ਲੋੜ ਹੈ। ਭਰਤੀ ਕਮੇਟੀ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਨੇ ਹਿਮਾਚਲ ਦੀਆਂ ਸੰਗਤਾਂ ਦਾ ਧੰਨਵਾਦ ਕਰਦੇ ਕਿਹਾ ਕਿ ਜਿਸ ਤਰਾਂ ਪੰਜਾਬ ਦੇ ਵਿੱਚੋ ਹੁੰਗਾਰਾ ਮਿਲਿਆ ਹੈ, ਉਸ ਤਰੀਕੇ ਦਾ ਹੁੰਗਾਰਾ ਅੱਜ ਨਾਲਾਗੜ੍ਹ ਦੀਆਂ ਸੰਗਤਾਂ ਨੇ ਦਿੱਤਾ ਹੈ। ਇਹ ਵੀ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਸਮਾਗਮ ਕਰਵਾਕੇ ਭਰਤੀ ਨੂੰ ਵਾਪਿਸ ਕੀਤਾ ਗਿਆ ਹੋਵੇ। ਸਰਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਜਿਸ ਉਮੀਦ ਨਾਲ ਨਾਲਾਗੜ੍ਹ ਦੀ ਸੰਗਤ ਨੇ ਭਰਤੀ ਕਾਪੀਆਂ ਨੂੰ ਭਰਨ ਵਿੱਚ ਉਤਸ਼ਾਹ ਦਿਖਾਇਆ ਹੈ, ਉਸ ਉਮੀਦ ਨੂੰ ਕਿਸੇ ਕੀਮਤ ਉਪਰ ਟੁੱਟਣ ਨਹੀਂ ਦਿੱਤਾ ਜਾਵੇਗਾ। ਸਥਾਨਕ ਸੰਗਤ ਦੀ ਸਹਿਮਤੀ ਨਾਲ ਹੀ ਹਿਮਾਚਲ ਤੋ ਡੇਲੀਗੇਟ ਚੁਣੇ ਜਾਣਗੇ, ਤਾਂ ਜ਼ੋ ਚੁਣੇ ਗਏ ਡੇਲੀਗੇਟ ਹਿਮਾਚਲ ਦੀ ਸੰਗਤ ਦਾ ਹੱਕਾਂ ਅਤੇ ਘੱਟ ਗਿਣਤੀ ਵਿੱਚ ਬੈਠੇ ਸਿੱਖ ਭਾਈਚਾਰੇ ਦੀ ਗੱਲ ਉਠਾ ਸਕਣ। ਬਾਬਾ ਸਰਬਜੋਤ ਸਿੰਘ ਬੇਦੀ ਨੇ ਆਪਣੀ ਧੰਨਵਾਦੀ ਭਾਸ਼ਣ ਵਿੱਚ ਕਿਹਾ ਕਿ ਸਿੱਖਾਂ ਦੇ ਮਸਲੇ ਹੱਲ ਕਰਵਾਉਣ ਲਈ ਸਾਨੂੰ ਇਕੱਠੇ ਹੋਕੇ ਅੱਗੇ ਵਧਣਾ ਚਾਹੀਦਾ ਹੈ। ਇਸ ਲਈ ਜਿਹੜੀ ਸ਼ਕਤੀ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਾ ਸਾਹਿਬ ਤੋਂ ਮਿਲੀ ਉਸ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

# ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਦੇ ਸਮਰਥਨ ਵਿੱਚ ਕੈਲਗਰੀ (ਕੈਨੇਡਾ) ਵਿਖੇ ਅਹਿਮ ਵਿਚਾਰਾਂ







ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਦੇ ਸਮਰਥਨ ਵਿੱਚ ਕੈਲਗਰੀ (ਕੈਨੇਡਾ) ਵਿਖੇ ਸ਼੍ਰੋਮਣੀ ਅਕਾਲੀ ਦਲ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਵੱਲੋਂ ਇਕੱਤਰ ਹੋ ਐੱਨ.ਆਰ.ਆਈ ਸੰਗਤਾਂ ਨੂੰ ਆਨਲਾਈਨ ਭਰਤੀ ਵਿੱਚ ਵੱਧ ਤੋਂ ਵੱਧ ਭਰਤੀ ਕਰਨ ਸਬੰਧੀ ਵਿਚਾਰਾਂ ਹੋਈਆਂ। ਇਸ ਦੌਰਾਨ ਡਾ.ਜਸਵਿੰਦਰ ਸਿੰਘ ਬਰਾੜ ਸਪੁੱਤਰ ਮਰਹੂਮ ਜਥੇਦਾਰ ਤੋਤਾ ਸਿੰਘ ਜੀ ਵੀ ਇਕੱਤਰਤਾ ਵਿੱਚ ਸ਼ਾਮਲ ਹੋਏ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

**********************************************************************

# ਮੀਰੀ ਪੀਰੀ ਦੇ ਮਾਲਿਕ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ



**ਜਲੰਧਰ/ਰਾਮਾਂ ਮੰਡੀ, 17 ਜੂਨ (ਆਵਾਜ਼ਿ ਕੌਮ ਬਿਊਰੋ)**-ਮੀਰੀ ਪੀਰੀ ਦੇ ਮਾਲਿਕ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਪਿੰਡ ਹਜ਼ਾਰਾ ਜੀ ਟੀ ਰੋਡ ਉੱਪਰ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀ ਸ਼ਬੀਲ ਲਗਾਈ ਗਈ । ਇਸ ਮੌਕੇ ਉਹਨਾਂ ਗੱਲਬਾਤ ਕਰਦੇ ਹੋਏ ਆਖਿਆ ਕਿ ਇਸ ਸਮੇ ਸਾਨੂੰ ਗੁਰੂ ਮਹਾਰਾਜ ਦੇ ਲੜ ਲੱਗਣ ਦੀ ਬਹੁਤ ਜ਼ਰੂਰਤ ਹੈ । ਸਾਨੂੰ ਗੁਰੂ ਸਾਹਿਬ ਵੱਲੋਂ ਬਖਸ਼ੇ ਹੋਏ ਸਿਧਾਂਤਾਂ ਤੇ ਡਟ ਕੇ ਪਹਿਰਾ ਦੇਣਾ ਚਾਹੀਦਾ ਹੈ । ਓਹਨਾ ਆਖਿਆ ਕਿ ਨੌਜਵਾਨਾ ਨੂੰ ਨਸ਼ਿਆ ਨੂੰ ਤਿਆਗ ਕੇ ਆਪਣੇ ਸ਼ਰੀਰ ਪ੍ਰਤੀ ਇਮਾਨਦਾਰ ਰਹਿਣਾ ਚਾਹੀਦਾ ਹੈ । ਇਸ ਮੌਕੇ ਤੇ ਕਈ ਧਾਰਮਿਕ ਅਤੇ ਸਿਆਸੀ ਆਗੂਆ ਨੇ ਹਾਜ਼ਰੀ ਲਗਵਾਈ ਜਿਹਨਾਂ ਚ ਰਣਜੋਧ ਸਿੰਘ ਘੁੰਮਣ , ਗੁਰਚਰਨ ਸਿੰਘ ਚੰਨੀ , ਅਰੁਣ ਕੁਮਾਰ ਗੋਲਡੀ , ਲਖਬੀਰ ਸਿੰਘ ਕੋਟਲੀ , ਐਡਵੋਕੇਟ ਬਲਰਾਜ ਅਤੇ ਅਵਤਾਰ ਸਿੰਘ , ਰਾਕੇਸ਼ ਕੁਮਾਰ (ਸਨੀ ਚਾਂਦਪੁਰ ) ,ਪ੍ਰਵੀਨ ਕੁਮਾਰ , ਆਦਿ ਵੱਲੋਂ ਹਾਜ਼ਰੀ ਲਗਵਾਈ ਗਈ । ਇਸ ਮੇਕੇ ਤੇ ਦੀਪਾ , ਅਮਰ ਸੰਧਰ , ਕੰਪੀ ਪਤਾਰਾ, ਦਾਨੇਸ਼, ਕਰਨ , ਵੰਸ਼, ਤਾਰਨ , ਮਾਸਟਰ ਦੀਪਕ ਸ਼ਰਮਾ ,ਹਰਵਿੰਦਰ ਸਿੰਘ ਔਜਲਾ ਤੇ ਅੰਕਿਤ , ਪ੍ਰਭਸਿਮਰਨ ਸਿੰਘ ਚਾਂਦਪੁਰ , ਪ੍ਰਭਜੋਤ ਲਾਲੀ ਨੰਗਲ ਸ਼ਾਮਾ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243